ਸੁਭ ਲਛਨ ਦਛਨ ਸੁਦੇਸ ਕਵਿ ਰਾਮ ਬਿਚਛਨਾਂ।
ਕ੍ਰਿਸਨ ਦਾਸ ਤਨ ਕੁਲ ਪ੍ਰਕਾਸ ਜਸ ਦੀਪਕ ਰਛਨ।
ਸੀਅ ਪਤਿ ਚਰਿਤ੍ਰ ਤਿਨਿ ਜਥਾ ਮਤਿ ਪ੍ਰਗਟ ਕਹਯੋਂ ਸੁਭ ਲਗਨ ਗਨਿ।
ਦੈ ਭਗਤਿ ਦਾਨੁ ਨਿਰਭੈ ਕਰਹੁ ਸੁ ਜੈ ਰਘੁਪਤਿ ਰਘੁਬੰਸ ਮਨਿ ॥੧੪੨॥
ਇਤਿ ਸ੍ਰੀ ਰਾਮ ਗੀਤੇ ਹਨੂਮਾਨ ਨਾਟਕ ਰਾਵਨ ਬਧ: ॥ ਚਤੁਰ ਦਸਮੋ ਅੰਕ ਸਮਾਪਤ
ਸੰਬਤ। ੧੮੨੮।

The author of this manuscript translated it from Sanskrit during the reign of Jehangir (1606-1627 A.D.). It is the versified translation.

It is believed that Emperor Bahādur Shāh (1707–1712 A.D.) formerly known as Prince Moazam presented one of the copies of this manuscript to Gūrū Gobind Singh (1666–1708 A.D.) who incorporated in it some verses of Kashi Rām. The Gūrū is said to have liked it, and it is, perhaps, on this account that numerous copies of this manuscript are found in Gūrmūkhī.

This copy was transcribed in 1828 B.K. viz. 1771 A.D. Also vide Punjābi Manuscript Catalogue in Punjābi, *(Punjabi Hath Likhatan di Suchi)* published by Language Department, Patiālā, pages 614–16.

S. No. 72

S.H.R. : 2243 A

Title : Hanūmān Nātak

Author : Hirday Rām Bhallā | *Size* : 15 × 10 C.M.

No. of Folios : 458 | *Lines per Page* : 7

Letters per Line : 20 | *Name of Scribe* : Bh. Mehar Singh

Date of Transcription : 1708 A.D.

Condition : Old, written in beautiful hand writing, within marginal lines, headings given in red. Complete.

Beginning .—

ੴ ਸਤਿਗੁਰ ਪ੍ਰਸਾਦਿ ॥
ਅਬ ਹਨੂ ਮਾਨ ਨਾਟਕ ਕ੍ਰਿਤਿ ਕਵਿ ਹਿਰਦੇ ਰਾਮ ।
ਕਬਿੱਤ
ਤੀਨ ਲੋਕ ਪਤਿ ਪ੍ਰਾਣ ਪਤਿ ਪ੍ਰੀਤਿ ਹੀ ਸੋਂ ਰਤਿ,
ਅਗਤਿਨਿ ਗਤਿ ਕੇ ਚਰਨ ਸਿਰ ਨਾਇ ਹੌ ।........।

End :–

ਸੀਅ ਪਤਿ ਚਰਿਤ੍ਰ ਤਿਨਿ ਯਥਾ ਮਤਿ, ਪ੍ਰਗਟ ਕਰਿਓ ਸੁਭ ਲਗੁਨ ਗਣਿ ।
ਦੇ ਭਗਤਿ ਦਾਨੁ ਨਿਰਭੇ ਕਰਹੁ ਜੈ ਰਘੁਪਤਿ ਰਘੁਬੰਸ ਮਣਿ ॥ ੧੪੩ ॥ ੧੨੭੯ ॥

ਇਤਿ ਸ੍ਰੀ ਹਨੂਮਾਨ ਨਾਟਕ ਰਾਵਨ ਬਧ ਚੋਦਸੋ ਅੰਕ ਸਮਾਪਤੰ ਮਸਤ । ੧੪ । ਕ੍ਰਿਤ ਕਬਿ ਹਿਰਦੇ ਰਾਮ ਭਲਾ ਮਾਘ ਵਦੀ ੫ ਸੰਮਤੁ ਸਤਾਰਾ ਸੈ ਪੈਂਹਟ । ੧੭੬੫ । ਭਾਈ ਮਿਹਰ ਸਿੰਘ ਨੇ ਪੋਥੀ ਲਿਖੀ ਹੈ ਸਤਿਗੁਰੂ ਚਿਤ ਆਵਦਾ ਰਹੈ ਸਾਧ ਸੰਗਤਿ ਦਾ ਦਰਸਨ ਹੋਦਾ ਰਹੈ ਭੁਲਿਆ ਚੁਕਿਆ ਬਖਸਿ ਲੈਣਾ ।

ਵਾਹਗੁਰੂ ਜੀ ਧੰਨਿ ਗੁਰੂ ਜੀ ।

This copy was transcribed in 1765 B.K. viz. 1708. A.D.

S. No. 73

S.H.R. : 1434

Title : Hanūmān Nātak

Author : Hirday Rām | *Size* : 12 × 8 C.M.

No. of Folios : 456 | *Lines per page* : 7 | *Letters per line* : 21

Condition : Old, written in beautiful handwriting within golden margin, headings given in red.

Beginning :—

੧ ਓ ਗਨੇਸਾ ਇਨਮ :

ਅਥ ਹਨੂਮਾਨ ਨਾਟਕ ਕ੍ਰਿਤਿ ਕਵਿ ਹਿਰਦੇ ਰਾਮ ॥

ਕਬਿਤੁ ।

ਤੀਨੋ ਲੋਕ ਪਤਿ ਪ੍ਰਾਨ ਪਤਿ ਪ੍ਰੀਤ ਹੀ ਸੈ ਰਤਿ ਅਗਤਨਿ ਗਤਿ ਕੇ ਚਰਨ ਸਿਰ ਨਾਇ ਹੈ ॥
ਸਦਾ ਸੀਲ ਪਤਿ ਸਤਿ ਪਤਿ ਏਕ ਨਾਰੀ ਬ੍ਰਤ ਸਿਵ ਸਨਕਾਦਿ ਪਤਿ ਜਸਹਿ ਸੁਨਾਇ ਹੈਂ ।
ਸੁਰ ਪਤਿ ਹੂ ਕੇ ਪਤਿ ਜਾਨਕੀ ਕੇ ਪਤਿ ਰਾਮ ਨੈਨ ਕੋ ਓਰ ਕਬਹੂ ਤੇ ਪਰਜਾਇ ਹੈਂ ।
ਫੁਰੇ ਬਾਕ ਪਤਿ ਸੁਨੇ ਸੰਤ ਸਾਧੂ ਮਤਿ ਤਬ ਐਸੇ ਰਘੁਪਤਿ ਕਛੁਕ ਗੁਨ ਗਾਇ ਹੈ ।

End :—

ਛਪਯਾ

ਸੰਬਤੁ ਬਿਕ੍ਰਮ ਨ੍ਰਿਪਤਿ ਸਹੰਸ ਖਟੁ ਸਤ ਅੱਸੀਹ ਬਰਾ ।
ਚੇਤ੍ਰ ਚਾਦਨੀ ਦੂਜ ਛਤ੍ਰ ਜਹਾਂਗੀਰ ਸੁਭਟ ਪਰਾ ।
ਸੁਭ ਲੱਛਨ ਦੱਛਨ ਸੁ ਦੇਸ ਕਵਿ ਰਾਮ ਬਿਚਛੱਨ ।
ਕ੍ਰਿਸਨ ਦਾਸ ਤਨ ਕੁਲ ਪ੍ਰਕਾਸ ਜਸ ਦੀਪਕ ਰੱਛਨ ॥
ਰਘੁ ਪਤਿ ਚਰਿੱਤ੍ਰ ਤਿਨ ਜਥਾ ਮਤਿ ਪ੍ਰਗਟ ਕਹੋ ਸੁਭ ਲਗਨ ਗਣਿ ।
ਦੈ ਭਗਤਿ ਦਾਨੁ ਨਿਰਭੈ ਕਰਹੁ ਜੈ ਰਘਪਤਿ ਰਘੁਬੰਸ ਮਣਿ ॥ ੧੪੨ ॥
ਸ੍ਰੀ ਰਘੁਪਤਿ ਕੁਮਾਰਿ ਜੀਤਿ ਘਰ ਆਇਬੋ ਨਾਮ ਚੋਦਸੋ ਅੰਕ । ੧੪ ।

ਸੰਪੂਰਣੰ

ਪੋਥੀ ਹਨੂੰ ਮਾਨ ਨਾਟਕ ਕੀ ਸਪੂਰਣ । ਸੰਮਤ । ੧੮੭੧ । ਰਾਮ ॥ ਰਾਮ ॥

This copy was transcribed in 1871 B.K. viz. 1814 A.D.

S. No. 74

S.H.R. : 1444

Title : Hanūmān Natak

Author : Hirday Rām Bhallā — *Size :* 15 × 10 C.M.

No. of Folios : 559 — *Lines per Page :* 7 — *Letters per Line :* 16

Condition : Very old, pages at places worm - eaten, heading given in red. Incomplete.

Beginning :—

੧ ਓ ਸ੍ਰੀ ਗਣੇਸਾ ਏਨਮ :

ਅਥ ਹਨੂਮਾਨ ਨਾਟਕ ਕ੍ਰਿਤ ਕਵਿ ਹਿਰਦੇ ਰਾਮ ਭਲੇ ਲਿਖਤੇ ।

Same as S.H.R. 1434.

End :—

ਛਪਯਾ

ਸੰਮਤੁ ਬਿਕ੍ਰਮ ਨ੍ਰਿਪਤਿ ਸਹਸ ਖਟੁ ਸਤ ਅਸੀਹ ਬਰਾ ।
ਚੇਤ੍ਰ ਚੰਦਨੀ ਦੂਜ ਛਤ੍ਰ ਜਹਗੀਰ ਮੁਕਟ ਪਰਾ ।
ਸੁਭ ਲੱਛਣ ਦੱਛਨ ਸੁ ਦੇਸ ਕਵਿ ਰਾਮ ਬਿਚਛੰਨ ।
ਕ੍ਰਿਸਨ ਦਾਸ ਤਨੁ ਕਲ ਪ੍ਰਕਾਸ ਜਸ ਦੀਪਕ ਰੱਛਨ ॥

This copy was not been beautifully written and inaccuracies of the scribe have been corrected in the margin.

S. No. 75

S.H.R. : 2192

Title : Hanūman Nātak

Author : Hirday Rām *Size :* 14 × 9 C.M.

No. of Folios : 516 *Lines per Page :* 7 *Letters per Line :* 21

Condition : Old, written in beautiful hand within beautiful marginal lines, headings given in red. Complete.

Beginning :—

੧ ਓ ਸਤਿਗੁਰ ਪ੍ਰਸਾਦਿ ॥
ਅਥ ਹਨੂ ਨਾਟਕ ਲਿਖਤੇ ਭਾਖਾ ਕ੍ਰਿਤ ਹ੍ਰਿਦੇ ਰਾਮ ਭਲੇ ਕੀ ।
ਕਬਿਤੁ

ਤੀਨਿ ਲੋਕ ਪਤ ਪ੍ਰਾਨਪਤਿ ਪ੍ਰੀਤਿ ਹੀ ਸੋ ਰਤਿ ਅਗਤਿਨਿ ਗਤਿ ਕੇ ਚਰਨਿ ਸਿਰ ਨਾਇ ਹੋ ।
ਸਦਾ ਸੀਲ ਪਤਿ ਸਤਿ ਪਤਿ ਏਕ ਨਾਰੀ ਬ੍ਰਤਿ ਸਿਵ ਸਨਕਾਦਿ ਪਤਿ ਜਸਹਿ ਸੁਨਾਇ ਹੋ ।
ਸੁਰਪਤਿ ਹੂ ਕੇ ਪਤਿ ਜਾਨੁਕੀ ਕੇ ਪਤਿ ਰਾਮ ਨੈਨ ਕੋ ਰਓਰ ਕਬਹੂੰ ਤੋਂ ਪਰਿ ਜਾਇ ਹੋ ।
ਫੁਰੇ ਬਾਕ ਪਤਿ ਸੁਨੋ ਸੰਤ ਸਾਧ ਮਤਿ ਤਬ ਐਸੇ ਰਘੁਪਤਿ ਕੇ ਕਛੁਕ ਗੁਨ ਗਾਇ ਹੋ ॥ ੧ ।

End :—

ਰਘੁਪਤਿ ਚਰਿਤ੍ਰ ਤਿਨ ਜਥਾ ਮਤਿ ਪ੍ਰਗਟਿ ਕਹਯੋ ਸੁਭ ਲਗਨ ਗਣ ।
ਦੈ ਭਗਤਿ ਦਾਨੁ ਨਿਰਭੈ ਕਰਹੁ ਜੈ ਰਘਪਤਿ ਰਘ ਬੰਸ ਮਣ ॥ ੧੪੩ ॥
ਇਤਿ ਸ੍ਰੀ ਰਾਮ ਗੀਤੇ ਰਾਵਨ ਬਧਹਿ ਚੌਦਹਿ ਮੋਂ ਅੰਕ ਸਮਾਪਤੰ ॥
ਇਤਿ ਸ੍ਰੀ ਹਨੂਮਾਨ ਨਾਟਕ ਸੰਪੂਰਣੰ ।੮੧। ਰਾਂਮ ਰਾਮ, ਰਾਂਮ ॥

S. No. 76

S.H.R. : 2255

Title : Hanūmān Nātak

Author : Hirday Rām *Size :* 17 × 12 C.M.

No. of Folios : 437 *Lines per Page :* 8 *Letters per Line :* 21

Condition : Old, pages at places worm - eaten, written very beautifully within marginal lines. Incomplete.

Beginning :-

੧ ਓ ਸਤਿਗੁਰ ਪ੍ਰਸਾਦਿ ॥

ਅਥ ਹਨੂ ਮਾਨ ਨਾਟਕ ਕ੍ਰਿਤ ਕਵਿ ਹਿਰਦੇ ਰਾਮ ।

ਕਬਿਤ

Same as S.H.R. 2192

End :-

ਸਵੈਯਾ

ਰਾਮ ਕੇ ਪਾਇਨਿ ਕੋ ਬਲੁ ਪਾਇ ਮੈ ਬਾਲ ਸੋ ਮਾਰਿ ਕੈ ਦੋਸੁ ਲਯੋ ।
ਅਰੁ ਰਾਮ ਕੇ ਪਾਇਨਿ ਕੇ ਬਲ ਤੇ ਕਪਿ ਮੰਡਲ ਮੈ ਕਪਿ ਰਾਜ ਭਯੋ ।
ਇਤ ਰਾਮ ਕੇ ਪਾਇਨ ਮੈ ਜਬ ਹੀ ਚਿਤ ਚੋਪ ਮਿਲਾਇਕੈ ਨੇਕ ਦਯੋ ।
ਤਬ ਹੀ ਸਬ ਪੂਰਨ ਕਾਮ ਭਏ ਕਵਿ ਰਾਮ ਇਹੈ ਜੀਅ ਜਾਨਿ ਲਯੋ ।

S. No. 77

S.H.R. : 1437 A

Title : Katthā Sātjūg ki

Size : 14 × 9 C.M.

No. of Folios : 121 to 182 = 62

Lines per page : 8

Letters per Line : 16

Condition : Very old, pages at places worm - eaten. Written in good handwriting in red marginal lines. Incomplete.

Beginning :—

੧ ਓ ਸਤਿਗੁਰ ਪ੍ਰਸਾਦਿ ॥

ਕਥਾ ਸਤਿਜੁਗ ਕੀ – ਜਬ ਰਾਜੇ ਜਨਮੇਜੇ ਅਠਾਰਹ ਕੁਸਟ ਹੂਏ ਥੇ ਬ੍ਰਹਮਣਿ ਮਾਰੇ ਤੇ । ਤਬ ਕੁਸਟ ਉਤਾਰਣੇ ਕੀ ਨਿਮਤਿ ਗੁਸਾਂਈ ਬਿਆਸ ਕਥਾ ਸੁਣਾਵਣੇ ਲਾਗਾ । ਏਹੁ ਕਥਾ ਤੇਰਵੀ ਹੈ । ੧੩ ।

End :—

ਰਾਜੇ ਜਨਮੇਜੇ ਜੀ ਕਉ ਗੁਸਾਈਂ ਬਿਆਸ ਕਥਾ ਕਰਿ ਕੈ ਸੁਨਾਈ । ਤਿਸ ਸੁਣੀ ਤੇ ਸਭ ਕੁਸਟ ਰਾਜੇ ਜਨਮੇਜੇ ਕੇ ਉਤਰਿ ਗਏ । ਏਹੁ ਨਾਸਕੇਤ ਕੀ ਕਥਾ ਆਦਿ ਸਤਿਜੁਗੁ ਕੀ ਬਾਰਤਾ ਹੈ । ਏਹੁ ਬਚਨੁ ਸਭ ਸਤਿ ਸਤਿ ਕਰਿ ਜਾਨੈਗਾ ਅਰੁ ਰਿਦੈ ਵਸਾਵੈਗਾ ਪ੍ਰੀਤਿ ਕਰਿ ਕੈ ਤਿਸ ਕੀ ਮੁਕਤਿ ਹੋਇਗੀ । ਕਥਾ ਨਾਸਕੇਤ ਕੀ ਸੰਪੂਰਨ ਸਮਾਪਤਿ । ਬੋਲਹੁ ਭਾਈ ਮੰਤ੍ਰਹੁ ਰਾਮ ਰਾਮ ਸਤਿ ।

120 folios are missing in the beginning. It gives an account of pleasures of heaven and miseries of hell.

S. No. 78

S.H.R. : 2262 B

Title : Krishan Avtār Birāh Nātak

Author : Dharam Singh Avdhūt

Size : 15 × 12 C.M.

No. of Folios : 146 (171-217)

Lines per Page : 10

Letters per Line : 20

Beginning :—

੧ ਓ । ਸ੍ਰੀ ਭਗਉਤੀ ਜੀ ਸਹਾਇ ॥
ਅਥ ਕ੍ਰਿਸਨ ਰਾਧਕਾ ਪ੍ਰੇਮ ਲਿਖਯਤੇ ਕ੍ਰਿਤ ਕਵ ਧਰਮ ਸਿੰਘ ਅਬਧੂਤ ।
ਦੋਹਰਾ
ਪਿਰਥਮ ਨਮਸਤੇ ਗੁਰਚਰਨ ਪੁਨ ਸ੍ਰਬਾਤਮ ਰਾਇ ।
ਬਰਨਤ ਮਮ ਸ੍ਰੀ ਰਾਧਕਾ ਕ੍ਰਿਸਨ ਪ੍ਰੇਮ ਸੁਖਦਾਇ ।੧।

End :—

ਦੋਹਰਾ
ਗੁਨ ਗਾਵਤ -ਪਾਵਤ ਮੁਕਤ ਭੁਗਤ ਜੁਗਤ ਸੁਖ ਧਾਮ ।
ਧਰਮ ਸਿੰਘ ਕੇ ਮਨ ਬਸੋ ਅਹਿਨਿਸ ਮੂਰਤ ਸਿਯਾਮ। ੧੫੪ ।
ਇਤ ਸ੍ਰੀ ਦਸਮ ਸਕੰਧੇ ਮਹਾਂ ਪੁਰਾਣੇ ਕ੍ਰਿਸਨਾ ਅਵਤਾਰੇ ਬ੍ਰਿਹ ਨਾਟਕ ਗਿਰੰਥੇ ਕ੍ਰਿਤ ਕਵਿ ਧਰਮ ਸਿੰਘ ਅਬਧੁਤ ਸਮਾਪਤੇ ।

This manuscript deals with love of Lord Krishnā and Rādhā. It appears to be the versified translation of a portion of Dasam Sikand of Bhagwat Pūrān as mentioned in the colophon.

S. No. 79

S.H.R. : 1442 I

Title : Mahātam Sri Amritsar (Bhawikhat Pūrān Vichon)
Author : Sant Rām
No. of Folios : 1 – 31 = 31
Letters per Line : 19
Size : 15 × 11 C.M.
Lines per Page : 8

Beginning :—

੧ ਓ ਸਤਿਗੁਰ ਪ੍ਰਸਾਦਿ ॥
ਅਥ ਸ੍ਰੀ ਅੰਮ੍ਰਿਤਸਰ ਜੀ ਕਾ ਮਹਾਤਮ ਲਿਖਯਤੇ ।
ਦੋਹਰਾ
ਗੁਰ ਗਣੇਸ ਅਰ ਸਾਰਦਾ ਬੰਧੋ ਹਿਤ ਚਿਤ ਲਾਇ ।
ਜਾ ਕੀ ਕ੍ਰਿਪਾ ਬਿਲਾਸ ਤੇ ਉਤਮ ਮਤ ਕੋ ਪਾਇ ॥ ੧ ॥

End :—

ਦੋਹਰਾ
ਸਹੰਸਕ੍ਰਿਤ ਪਹਲੇ ਸੁਨੀ ਭਾਖਾ ਬਨਾਇ ॥
ਭੂਲ ਚੂਕ ਸਭ ਬਖਸੀਓ ਸੰਤ ਸੁਨੋ ਮਨ ਲਾਇ ।
ਸਿਵ ਗੌਰੀ ਸੰਬਾਦ ਗਿਰ ਕਲਾਸ ਪੁਰ ਹੋਇਉ ।
ਸੰਤ ਦਾਸ ਸੰਤੋਹਿ ਸੁਨ ਤਿਹ ਭਾਖਾ ਕਰ ਪੋਇਉ ।

ਇਤ ਸ੍ਰੀ ਭਵਿਖਤ ਪੁਰਾਣੇ । ਉਮਾ ਮਹੇਸਰ ਸੰਬਾਦੇ ਨਾਮ ਅਸਟਮੋ ਧਿਆ ਸਮਾਪਤੰ । ਅੰਮ੍ਰਤਸਰ ਮਹਾਤਮ ਸੰਪੂਰਨ । ਅਸਟ ਧਿਆ । ਕ੍ਰਿਤ ਕਵ ਸੰਤ ਰਾਮ । ੮ । ਸਾਧੂ ਕੀ ।

As stated in the beginning and also mentioned in the colophon this manuscript contains a versified translation of a portion of Bhawikhat Pūrān. It brings out the sanctity of Amritsar. Translation was done by Sant Rām.

S. No. 80—81

S.H.R. : 2250 & 2251

Title : Mahābhārat

Author : Krishan Lāl — *Size :* 34 × 32 C.M.
No. of Folios : 509 — *Lines per Page :* 19. within golden marginial lines.
Letters per Line : 31 — *Name of Scribe :* Bh. Gopal Singh.
Condition : Good, headings in red, beautifully written. Incomplete.
Name of the parts with Pages : Ist Part from Folio 1 to 233.
IInd Part from Folio 234 to 509.

Beginning :–

੧ ੴ ਸਤਿਗੁਰ ਪ੍ਰਸਾਦਿ ॥
ਓਅੰ ਸ੍ਵਸਤਿ ਸ੍ਰੀ ਗਣੇਸਾਯ ਨਮਹਿ । ਓਅੰ ਨਮਹ ਸਰਸ੍ਵਤੀ ।
ਓਅੰ ਬਿਆਸਾ ਨਮਹ ; ਓਅੰ ਸ੍ਰੀ ਗੁਰ ਚਰਣ ਕਮਲੇ ਭਯੋ ਨਮਹ ; ।
ਅਥ ਮਹਾ ਭਾਰਥ ਭਾਖਾ ਲਿਖਯਤੇ ।
ਦੋਹਰਾ
ਵੰਦੋ ਚਰਣ ਗਜ ਬਦਨ ਕ੍ਰ ਜਾ ਕੀ ਧੂਜ ਅਪਾਰ ।
ਸੁਰ ਨਰ ਮੁਨਿ ਜਨ ਕਰਹਿ ਹਿਤ ਦੇਵਨ ਦੇਵ ਵਿਚਾਰ ।

End :–

ਨ੍ਰਿਪਤ ਸੁਣਾਵੈ ਧਯਾਂਨ ਧਰ ਕਪਟ ਨ . ਕਾਹੂ ਖਾਇ ।
ਦਿਜ ਸੁਨ ਪੰਡਤ ਹੋਇ ਬੜ ਮੂਢ ਸੁਨਤ ਬੁਧ ਪਾਇ । ੩੫ ।
ਇਤ ਸ੍ਰੀ ਮਹਾ ਭਾਰਤੇ ਪੁਰਾਣੇ ਉਦਮ ਪ੍ਰਬਣੇ ਕ੍ਰਿਸਨ ਲਾਲ ਕ੍ਰਿਤ ਭਾਖਾਯੰ ਸਮਾਪਤੇ ਮਸਤ ਸੁਭ ਮਸਤ । ੫ ॥
ਬਕਲਮ ਖੁਦ ਗੁਪਾਲ ਸਿੰਘ ਲਿਖਾਰੀ ।

This manuscript is a versified translation from Sanskrit as mentioned in the colophon. It is believed that this work was undertaken at the instance of Gūrū Gobind Singh Ji.

This copy in two volumes has been transcribed by Gopāl Singh who was an employee of Nābhā State. This is from General Shivdev Singh's collection vide also S.H.R. 2252 & S.H.R. 2301.

S. No. 82

S.H.R. : 2301

Title : Mahābhārat (Rāj Dharm Kathā)

Size : 34 × 32 C.M. *No. of Folios :* 770 to 1085=316

Lines per Page : 19 *Letters per Line :* 31

Name of Scribe : Gopāl Singh.

Condition : Good, headings in red, beautifully written within golden marginal lines.

Beginning :–

੧ ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗਣੇਸਾਯਾਨਮ — ਅਥ ਰਾਜ ਧਰਮ ਕਥਾ ਪ੍ਰਬ ਲਿਖਯਤੇ ।

ਦੋਹਰਾ

ਰਣ ਕੇ ਮ੍ਰਿਤਕ ਜਾਰ ਸਭ ਗੰਗਾ ਮੱਜਨ ਧਾਰਿ ।
ਧ੍ਰਿਤ੍ਰਾ ਸੁਰ ਪੈ ਗਏ ਸਭ ਧਰਮ ਜਾਦਿ ਸੁਖ ਕਾਰ ॥ ੧ ॥
ਗੰਧਾਰੀ ਧਿਤ੍ਰਾ ਸੁਰ ਸਣ ਬਲਨ ਕਰਤ ਅਤਿ ਅੰਤ ॥
ਤਿਨ ਸੋਂ ਸੰਜੇ ਬਚ ਕਰਤ ਜਾਂਕੀ ਬੁਧ ਅਗੰਤ ॥

End :–

ਦੋਹਰਾ

ਮਹਾਂ ਭਾਰਤ ਪੂਰਨ ਭਯੋ ਸੁਨੈ ਸੰਤ ਮਨ ਲਾਇ ।
ਇਹ ਲੋਕੇ ਜਸ ਪ੍ਰਲੋਕ ਜੈ ਜੈ ਦੂੰਦ ਭੀ ਬਜਾਇ ॥ ੧੧੨ ॥

ਇਤ ਸ੍ਰੀ ਮਹਾਭਾਰਤੇ ਪੁਰਾਣੇ ਸ੍ਵਰਗ ਰੋਹਣ ਪਰਬਣੇ ਕ੍ਰਿਸਨ ਲਾਲ ਕ੍ਰਿਤ ਭਾਖਾਯੰ ਅਸਟਾ ਦਸ ਪ੍ਰਬ ਸਮਾਪਤੇ ॥ ੧੯ । ਸੁਭੰ ਭਵਤਿ ।

ਜੈ ਜੈ ਸ੍ਰੀ ਕ੍ਰਿਸਨਾ ਇਨ ਮੋਨ ਮਹਾਂ ।
ਜੈ ਜੈ ਧਰਮ ਪੁਤ੍ਰਾਇ ਇਨ ਮੋਨ ਮਹਾ । ੧੯ ॥

ਬਕਲਮ ਖੁਦ ਭਾਈ ਗੁਪਾਲ ਸਿੰਘ ਲਿਖਾਰੀ ਮੁਲਾਜਮ ਰਿਆਸਤ ਨਾਭਾ ।

This is the last of the series of four manuscripts vide S.H.R. Nos. 2250, 2251, 2252. The first two contain the versified translation of Mahābhārat and the third contains the translation of the Gitā and this last portion is entitled Rāj Dharm Kathā.

All the four volumes have been beautifully written by Bhāi Gopāl Singh, an employee of the Nābhā state.

S. No. 83

S.H R. : 1827

Title : Ramāyan

Author : Bhāi Santokh Singh *Size :* 30 × 22 C.M.

No. of Folios : 382 *Lines per Page :* 17

Letters per Line : 40 *Date of Transcription :* 1839 A.D.

Condition : Good, beautifully written within red marginal lines.

Beginning :-

੧ ਓ ਸਤਿਗੁਰ ਪ੍ਰਸਾਦਿ ॥

ਅਥ ਲੰਕਾ ਕਾਂਡ ਪ੍ਰਾਰੰਭਯਤੇ । ਅਥ ਜ਼ੂਪ ਪ੍ਰਬੰਧ ਕਥਨੰ ।

ਕਬਿਤ

ਬਿਸਦ ਬਰਨ ਵਾਰੀ ਰੂਪ ਮੈ ਬਰਨਵਾਰੀ ਅੰਤਿ ਨ ਬਰਨ ਵਾਰੀ ਸਦਾ ਸੁਖ ਕਾਰੀ ਹੈ ।
ਬਿਘਨ ਹਰਨਿ ਵਾਰੀ ਲੋਚਨ ਹਰਨਵਾਰ ਉਰ ਬਿਹਰ ਨਿਵਾਰੀ ਕਵਿ ਕੇ ਉਦਾਰੀ ਹੈ ।
ਬੇਣਾ ਸੋ ਕਰ ਨਿਵਾਰੀ ਭੂਖਨ ਕਰ ਨਿਵਾਰੀ ਸੁਮਤਿ ਕਰ ਨਿਵਾਰੀ ਸਭ ਮੈ ਬਿਹਾਰੀ ਹੈ ।
ਤੀਰਥਾ ਚਰਨਵਾਰੀ ਹੰਸ ਪੈ ਚਰਨ ਵਾਰੀ ਪਾਵਨ ਚਰਨਵਾਰੀ ਬੰਦਨਾ ਹਮਾਰੀ ਹੈ । ੧ ॥

End :-

ਪ੍ਰਭੁ ਪ੍ਰਚੇਤਾਰੁ ਚਿਰ ਬਨਾਈ । ਸਰਬ ਭਵਿਖਯਤ ਕਥਾ ਸੁਹਾਈ ।
ਸ੍ਰੇਸ਼ਟ ਬ੍ਰਿਤੀ ਧਾਰਿ ਮਨ ਪਾਵਨ । ਬਾਲਮੀਕ ਨੇ ਕਰੀ ਬਨਾਵਨਿ । ੪੩ ।
ਇਤਯਾਰ ਸੇ ਸ੍ਰੀ ਰਾਮਾਇਣੇ ਬਾਲਮੀਕਯੇ ਆਦਿ ਕਾਬਯੇ ਉਤਰ ਕਾਂਡੇ ਬਿੰਸਤਿ ਸਹਸ੍ਰਾਂ ਕਾਂਯਾਂ ਸੰਘ
ਤਾਂਯਾਂ ਸ੍ਰੀ ਮਤ ਸੁਰਗਾ ਰੋਹਨਿ ਨਾਮ ਏਕਿ ਸੌ ਇਕੀਸ ਮੈ ਸਰਗਹ । ੧੨੧ ।
ਸੰਮਤਿ ਅਠਾਰਾ ਸਹੰਸ ਮੈ ਬਰਖ ਛਿਆਨਮੇ ਮਾਂਹਿ ।
ਬਾਲਮੀਕ ਕ੍ਰਿਤ ਲਿਖਿ ਕਰਿ ਕਰੀ ਮਾਘ ਮਾਸ ਕੇ ਮਾਂਹਿ ।

This is a versified translation of Bālmik's Rāmāyan.

The translator is Bhāi Santokh Singh, the author of immortal Gūrpartāp Sūraj Granth. According to Bhāi Kāhn Singh Nābhā, Bhāi Santokh Singh translated Rāmayan in 1891 B. K. viz. 1834 A.D. This manuscript, as mentioned in the colophon, is dated 1896 viz. 1839 A.D. Hence it is one of the earliest copies.

S. No. 84

S.H.R. : 1998

Title : Rāmāyān

Author : Tūlsi Dāss

Size : 16 × 11 C.M.

No. of Folios : 519 *Lines per Page :* 9 *Letters per Line :* 24

Name of Scribe : Gursaran *Date of Transcription :* 1816 A.D.

Condition : Old, written in good hand writing, within marginal lines headings given in red. Complete.

Beginning :—

੧ ਓ ਸਤਿਗੁਰ ਪ੍ਰਸਾਦਿ ॥ ਸ੍ਰੀ ਰਾਮਾਯਨਮ ॥

ਅਥਿ ਰਾਮਾਯਣ ਬਣ ਕਾਂਡ ਭਾਖਾ ਤੁਲਸੀ ਦਾਸ ਕ੍ਰਿਤ ਲਿਖਯਤੇ ।

ਸਲੋਕ

ਮੂਲੰ ਧਰਮ ਤਰੌ ਬਿਬੇਕ ਜਲਧੇ : ਪੂਰਣ ਇੰਦ ਮਾਨੰ ਦਦੰ ।
ਬੈਰਾਗ ਬੁਜ ਭਾਸਕਰੰ ਚਿਦ ਘਨੰ ਧ੍ਰਾਤਾ ਪਹਿ ਤਾਪਹਿ ।
ਮੋਹਾਂ ਬੁਧਰ ਪੂਗਾ ਪਾਟਨ ਬਿਧਉ੍ਸੰ ਸੰਭਵ ਸੰਕਰੰ ।
ਬੰਦੇ ਬ੍ਰਹਮ ਕੁਲੰ ਕਲੰਕ ਸਮਨੰ ਸ੍ਰੀ ਰਾਮ ਭੂਪ ਪ੍ਰਿਯੰ । ੧ ॥

End :–

ਸਲੋਕੁ

ਪੁਨਯ ਪ੍ਰਾਪ ਹਰੰ ਸਦਾ ਸਿਵ ਕਰੰ ਬਿਗਯਾਨ ਭਕਤਿ ਪ੍ਰਦੇਂ ।
ਮਾਯਾ ਮੋਹ ਮਲਾਪ ਹਸੁ ਬਿਮਲੰ ਪ੍ਰੇਮਾਂਬੁ ਪੂਰੰ ਸੁਭੰ ।
ਸ੍ਰੀ ਮਦ੍ਰਾਮ ਚਰਿਤ੍ਰ ਮਾਨਸ ਮਿਦੰ ਭਕਤਿਯਾਵ ਗਾਂਹ ਤਜੇ ।
ਤੇ ਸੰਸਾਰ ਪਤੰਗ ਘੋਰ ਕਿਰਣੈ ਦਹਿਯੰਤ ਨੋ ਮਾਨਵਾ ।

ਇਤ ਸ੍ਰੀ ਰਾਮ ਚਰਿਤ ਮਾਨਸੇ ਸਕਲ ਕਲ ਕਲੁਖ ਬਿਧੁੰਸੇ ਉਤਰ ਕਾਂਡ ਭਕਤਿ ਪ੍ਰਕਾਸ ਸਮਾਪਤੰ । ਸੁਭ ਮਤੁ ਸਰਬ ਗਤ । ਇਹ ਪੋਥੀ ਪੂਰੀ ਹੋਈ । ਮਾਘ ਬਦੀ ਦਸਮੀ । ਸਾਲ ੧੮੭੩ ॥ ਮੇ ਸੰਪੂਰਨ ਹੋਈ । ਗੁਰ ਸਰਨ ਨੇ ਲਿਖੀ । ਭੂਲ ਚੂਕ ਬਖਸਣੀ । ਸਦਕਾ ਸੰਗਤ ਕਾ । ਵਾਹਗੁਰੂ । ਵਾਹਗੁਰੂ ।

The Rāmayan is the master piece of Tulsi Dāss, the most celebrated Hindi poet. According to F.E. Keay "has had great and deserved fame not only in India but through out the whole world" It is in a beautiful verse.

This copy way transcribed in 1816 A.D.

S. No. 85

S.H.R. : 2293 A

Title : Sadāmā Chrittar

Author : Hirday Rām

Size : 17 × 12 C.M.

No. of Folios : 1-14=14 *Lines per Page :* 17 *Letters per Line :* 18

Condition : Old, written in beautiful hand writing, without marginal lines. Complete.

Beginning :–

੧ ਓ ਸਤਿਗੁਰ ਪ੍ਰਸਾਦਿ ॥

ਅਥ ਸ੍ਰੀ ਸੁਦਾਮਾ ਚਰਿਤ੍ਰ ਕ੍ਰਿਤ ਕਬਿ ਹ੍ਰਿਦੇ ਰਾਮ ਲਿਖਯਤੇ ।

ਕ: (ਕਬਿੱਤ)

ਮਾਧੋ ਜੂ ਕੇ ਗੁਨ ਗਾਇ ਗਾਇ ਸੁਖ ਪਾਇ ਪਾਇ ਔਰਨ ਸੁਨਾਇ ਸੇਸ ਨਾਗ ਹੂ ਸੇ ਹਾਰੇ ਹੈਂ ।
ਮਹਿਮਾ ਨ ਜਾਨੈ ਸੁਕ ਨਾਰਦ ਔ ਬਾਲਮੀਕ ਤਾਕੇ ਕਹਿਬੇ ਕੋ ਕਉਨ ਮਾਨਸ ਬਿਚਾਰੇ ਹੈਂ ।
ਜੈਸੀ ਮਤ ਮੇਰੀ ਕਥਾ ਸੁਨੀ ਹੈ ਪੁਰਾਨ ਕੇਰੀ ਜਿਹ ਭਾਂਤ ਸੁਦਾਮਾ ਜੂ ਦ੍ਵਾਰਕਾ ਸਿਧਾਰੇ ਹੈਂ ।
ਤੰਦਲ ਲੈ ਚਲੇ ਜੈਸੇ ਹਰਿ ਜੀ ਸੋਂ ਮਿਲੇ ਪੁਨਿ ਆਏ ਫਿਰ ਕੈਸੇ ਨਿਜ ਦਾਰਦ ਬਿਡਾਰੇ ਹੈਂ । ੧ ।

End :-

ਬੈਕੁੰਠ ਨਿਜ ਬਾਸੀ ਆਇ ਭਯੋ ਬ੍ਰਿਜ ਬਾਸੀ ਸਯਾਮ ਰਾਧਕਾਂ ਰਵਨ ਰਾਮ ਬਿਸਰਿਓ ਜਗਾਇਬੇ ।
ਸੁਦਾਮਾ ਚਲਿਤ੍ਰ ਚਿੰਤਾ ਮਨ ਸਮਸਾ ਉਧਾਨ ਕੰਠ ਕੇ ਖਲੀਤਾ ਰਾਖ ਸਾਧਨ ਸੁਨਾਇਬੇ । ੫੪ ।
ਸ੍ਰੀ ਕ੍ਰਿਸਨ ਜੀ ਸਹਾਇ । ਇਤਿ ਸ੍ਰੀ ਸੁਦਾਮਾ ਚਰਿਤ੍ਰ ਕ੍ਰਿਤ ਕਬਿ ਹਿਰਦੇ ਰਾਮ ਸਮਾਪਤੰ ॥

This manuscript gives an account of Lord Krishna's benevolent treatment towards Sudamā, his devottee. It is in a beautiful verse by Hirday Rām.

S. No. 86

S.H.R. : 2212

Title : Verat Parb (Mahābhart)

Author : Sāndar Kavi

Size : 17 × 11 C.M.

No. of Folios : 189

Lines per Page : 10

Letters per Line : 23

Date of Transcription : 1817 A.D.

Condition : Old, written in beautiful hand writing, within marginal lines, headings given in red. Complete.

Beginning :—

੧ ਓ ਸਤਿਗੁਰ ਪ੍ਰਸਾਦਿ ॥
ਅਥ ਵੈਰਾਟ ਪਰਬ ਸੁੰਦਰ ਕ੍ਰਿਤ ਲਿਖਤੇ ।
ਦੋਹਰਾ
ਗੁਰ ਗਨੇਸ ਰਾਜ ਮੁਖ ਗੁਰੂ ਗਣਪਤਿ ਕਰੋ ਪ੍ਰਣਾਮ ॥
ਗਵਰੀ ਸੁਤ ਗਿਰਧਰ ਸਹਤਿ ਸੁਧ ਕਰੋ ਮਮ ਕਾਮ । ੧ ।

End :—

ਦੋਹਰਾ
ਇਤ ਸ੍ਰੀ ਭਾਰਥ ਪਰਬ ਸਰਬ ਬੈਰਾਨ ਬਖਾਨ ।
ਭਯੋ ਬਿਵਾਹੁ ਅਨੰਦ ਸੇ ਅਬ ਮੰਨਿ ਕੌ ਜੀਅ ਜਾਨ । ੫੫ । ੧੫੫੫ ।

ਇਤ ਸ੍ਰੀ ਬੈਰਾਟ ਪਰਬ ਵੈਸੇ ਪਾਇਨ ਵਿਰਚਿਤੰ ਸੁੰਦਰ ਕ੍ਰਿਤ ਸਮਾਪਤੇ ॥ ਸੁਭੰ ਮਸਤ ਸਰਬ ਕਲਿਆਣੰ । ਭੁਲ ਚੁਕ ਬਖਸਣੀ । ਅਭੁਲ ਗੁਰੂ ਕਰਤਾਰ ਜੀ । ਸੰਮਤ ੧੮੭੪ । ਵੈਸਾਖ ਸੰਕ੍ਰਾਂਦਿ ਦਿਨ ਗੁਜਰੇ ੯ । ਵੈਸਾਖ ਸੁਦੀ ਤਿਥ ੨ । ਵਾਰ ਸੁਕਰ । ਯਾਦ੍ਰਿਸੰ ਦ੍ਰਿਸਟੰ ਗ੍ਰੰਥਾਤਾ ਦ੍ਰਿਸੰ ਲਿਖਤੰ ਮਯਾ । ਯਦਿ ਸੁਧਿਯਾ ਸੁਧਵਾ ਮਮੋ ਦੋਖ ਨ ਦੀਯਤੇ । ਭੁਲ ਚੁਕ ਬਖਸਣੀ ਦਾਸ ਜਾਨਕੇ ॥

This is a versified translation of a portion of Mahābhārat by Sāndar Kavi. It describes the exile of Pāndavās.

B—Verses of Saints (Bhagat Bani)

S. No. 87

S.H.R. : 1437 D

Title : Bāni Jalhan di

Author : Jalhan | *Size :* 14 × 9 C.M.

No. of Folios : 196–201=6 | *Lines per Page :* 8 | *Letters per Line :* 15

Beginning :–

ੴ ਸਤਿਗੁਰ ਪ੍ਰਸਾਦਿ ॥
ਬਾਣੀ ਜਲਣ ਦੀ ।
ਤੇਰੇ ਹਥਿ ਨ ਤੇਰੀ ਮੁਕਤਿ । ਜਾਹਿ ਉਨਾ ਥੇ ਜੋ ਜਾਣਨਿ ਜੁਗਤ ॥
ਛਡੁ ਸਿਆਣਪ ਰਹੁ ਦਰਿ ਤੇ ਪਇਆ । ਆਤੁਰੁ ਜਾਣਿ ਕਰੇਸਿਨ ਦਇਆ ॥

End :–

ਉਸਾਰੇਂਦੇ ਢਿਲੁ ਨਹੀ ਭੰਨਦੇ ਭੀ ਕਛੁ ਨਾਹਿ ॥
ਭੰਨੇ ਸਵਾਰੇ ਰੇ ਮਨਾ ਸੋਈ ਰਾਮੁ ਧਿਆਇ ॥ ੨੦ ॥

Jalhan, a Sidhū Jāt, belonged to village Bhadānā, District Amritsar. He was known for his frank and free devotional verses. He was contemporary of Guru Har Gobind, (1606–1645 A.D.), the Sixth Guru.

S. No. 88

S.H.R. : 1437 C

Title : Bāni Sūthray di

Author : Sūthrā | *Size :* 14 × 9 C.M.

No. of Folios : (201–206)=6 | *Lines per Page :* 8 | *Letters per Line :* 16

Beginning :–

ੴ ਸਤਿਗੁਰ ਪ੍ਰਸਾਦਿ ।
ਬਾਣੀ ਸੁਥਰੇ ਦੀ ।
ਗਲਿ ਸਾਈਂ ਦੀ ਸਭ ਮੈ ਪਿਆਰੀ । ਖੋਟੇ ਕੰਮ ਨ ਦੇਂਦੇ ਵਾਰੀ ।
ਜੇ ਇਹੁ ਗਲਿ ਆਪਣੇ ਹਥਿ ਹੋਵੈ । ਤਾਂ ਸਾਈ ਨਾਲੋਂ ਵਿਛੁੜ ਕਿਉ ਰੋਵੈ ॥
ਸੁਥਰਿਆ ਆਜਜੁ ਹੋਇ ਕੀਚੈ ਫਿਰੀਆਦ । ਸਾਈਂ ਪਤਿਤ ਉਧਾਰਣ ਆਦਿ ਜੁਗਾਦਿ ॥

End :–

ਸਹੁ ਗੱਲੀ ਵਸਿ ਨ ਆਵਦਾ । ਖੋਈ ਵੇਂਵਨਿ ਤਾ ਮੁਖੁ ਦਿਖਾਇਦਾ ।
ਜਿਸੁ ਵਿਚਿ ਪ੍ਰੀਤਿ ਨ ਸਾਈਂ ਦੀ । ਮਿਹਰ ਤਿਸ ਵਿਚ ਕਾਂਈ ਦੀ ।

Sūthrā was born in 1615 A.D. (1672 B.K.) at Brāmpur (Bārāmūlā) Kashmir when Gūrū Hargobind was travelling there. The newly-born child was thrown out on account of various superstitions of his parents. Subsequently the Gūrū brought up the child who grew to be a saint and founded a sect known as Sūthray Shāhi.

S. No. 89

S.H.R. : 1437 K

Title : Bāwan Akhari

Author : Sadārang Ji | *Size* : 14 × 9 C.M.

No. of Folios : 9 (229–238) | *Lines per Page* : 8

Letters per Line : 16 | Incomplete.

Beginning :—

ਬਾਵਨ ਅਖਰੀ ਸਦਾਰੰਗ ਜੀ ਕੀ ।

ਸਲੋਕੁ

ਸਤਿਗੁਰ ਦਾਤੇ ਹੈ ਦੁਖ ਭਜਨ । ਪਰ ਉਪਕਾਰੀ ਬਾਵਨ ਚੰਦਨ ।
ਪਾਪ ਬਿਡਾਰਨ ਸਭ ਅਘ ਖੰਡਨ । ਕਾਟਹਿ ਜਰਾ ਮਰਨ ਕੇ ਬੰਧਨ ॥

End :—

ਸਲੋਕੁ

ਰਿਣ ਲੈ ਖਾਵੈ ਅਵਰ ਪਹਿ ਹੋਤੀ ਸਕਤਿ ਗਵਾਰ ।
ਦੇਣਾ ਪਵੈ ਬਿਆਜ ਸਿਉ ਸਾਹਿਬ ਕੀ ਦਰਬਾਰ ॥

This contains sixteen devotional verses in alphabetical order of Gurmūki letters.

S. No. 90

S.H.R. : 2189

Title : Kavitā—Gosāin Tūlsi Dāss

Author : Tūlsi Dāss | *Size* : 24 × 10 C.M.

No. of Folios : 67 | *Lines per Page* : 8 | *Letters per Line* : 41

Condition : Old, written in beautiful hand writing, within marginal lines. Complete.

Beginning :—

੧ ਓ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਯਨਮ :

ਸ੍ਵੈਯਾ

ਅਵਧੇਸ ਕੇ ਦ੍ਵਾਰਸ ਕਾਰੈ ਗਈ ਸੁਤ ਗੋਦ ਕੈ ਭੂਪਤਿ ਲੈ ਨਿਕਸੇ ।
ਅਵਿਲੋਕ ਹੋ ਸੋਚ ਵਿਮੋਚਨ ਕੋ ਠਗਸੀ ਰਹ ਜੇ ਨ ਠਗੇ ਧਿਕਸੇ ।

ਤੁਲਸੀ ਮਨ ਰੰਜਨ ਰੰਜਤ ਅੰਜਿਤ ਨੈਨ ਸੁਖੰਜਨ ਜਾਤਕ ਸੇ ।
ਸਜਨੀ ਸਸਿ ਮੈਂ ਸਮ ਸੀਲ ਉਭਯ ਨਵ ਨੀਲ ਸਰੋਰੁ ਹਸਿ ਵਿਕਸੇ । ੧ ।

End :-

ਛਪੈ

ਜਯ ਜਯ ਸ੍ਰੀ ਰਘੁਨਾਥ ਜਨਕ ਜਾਅਗ ਜਗ ਮਾਤਾ ।
ਜਯ ਜਯ ਜਯ ਸ੍ਰੀ ਲਖਨ ਦੁਸਟ ਦੰਡਨ ਵਧਿ ਆਤਾ ।
ਜਯ ਜਯ ਜਯ ਸ੍ਰੀ ਭਰਤ ਸਤ੍ਰੁਘਨ ਦੋਨੋ ਭਾਈ ।
ਰਘੁ ਪਤਿ ਆਗਿਆ ਸੁਨਤ ਲੀਨ ਜਿਹ ਸੀਸ ਚੜਾਈ ।
ਜਯ ਜਯ ਜਯ ਸ੍ਰੀ ਪਵਨ ਸੁਤ ਜਿਹ ਜਸੁ ਸ੍ਰੀ ਮੁਖ ਤੇ ਕਹਯੋ ।
ਕਰ ਜੋਰ ਦੰਡਵਤ ਤੁਲਸ ਕਾ ਜਿਹ ਜਿਹ ਪ੍ਰਭ ਦਰਸਨ ਲਹਯੋ । ੨੨੧ । ੩੫੭ ।
ਇਤਿ ਸ੍ਰੀ ਗੁਸਾਈ ਤੁਲਸੀ ਦਾਸ ਕ੍ਰਿਤ ਕਵਿਤਾ ਸਮਾਪਤੰ । ਸੈਭੰ ਭੂਯਾਤ ਜੀ ।

Unlike Tulsi Dāss, Rāmāyana, which is in Dohā and Chaupya metres, this manuscript contains mostly sawyyās. Subject matter of this manuscript is life of Rāma in exile.

S. No. 91

S.H.R. : 1437 C

Title : Shlōk Bhagat Kabīr

Author : Kabīr *Size* : 14 × 9 C.M.
No. of Folios : 192-196=5 *Lines per Page* : 8 *Letters per Line* : 16

Beginning ,—

੧ ਓ ਸਲੋਕੁ ਕਬੀਰ ਜੀਉ ਕੇ
ਮੈਲੁ ਜੋ ਲਾਗੀ ਆਦਿ ਕੀ ਤੀਰਥ ਸਕੈ ਨ ਧੋਇ ।
ਬਿਨ ਸੇਵਾ ਗੁਰਦੇਵ ਕੀ ਕੈਸੇ ਨਿਰਮਲੁ ਹੋਇ ॥ ੧ ॥

End :—

ਕਬੀਰ ਮਾਇਆ ਤੈਂ ਭਲੀ ਹੈ ਬੁਰਾ ਹਮਾਰਾ ਜੀਉ ॥
ਜਿਸ ਕੀ ਤਿਸ ਕਉ ਸਉਪੀਐ ਤੌ ਤੁਰਤ ਮਿਲਾਵੈ ਪੀਉ ॥

Kabīr was one of the greatest leaders of Bhagati movement in Medieval India. He was also a poet of great eminence. Some of his verses have been included in the Adi Granth, the Sikh scriptures.

These shlokās have not been included in the Holy Granth and most probably these are apocryphal.

S. No. 92

S.H.R. : 1437 B

Title : Shlok Bhagat Bajid

Author : Bhagat Bajid   *Size* : 14 × 9 C.M.

No of Folios : 11 (182–192)   *Lines per page* : 8   *Letters per line* : 16

Beginning :–

ੴ ਸਤਿਗੁਰ ਪ੍ਰਸਾਦਿ ॥
ਸਲੋਕ ਭਗਤਿ ਬਜੀਦ ਕੇ ।
ਦੁਇ ਦੁਇ ਭਾਰ ਉਠਾਇ ਚਲੇ ਸਭਨਾ ਦੇ ਮੁਹਰਿ ।
ਢਠਾ ਹੋਇਆ ਉਠ ਨ ਲਹਦਾ ਦੇਹ ਧਰਿ ॥
ਨਿਕਲ ਗਇਆ ਹੀ ਭਉਰ ਨ ਆਇਓ ਫਰਿ ਘਰਿ ॥
ਬਜੀਦਾ ਕਉਣੁ ਸਾਹਿਬ ਨੂੰ ਆਖੈ ਇਉ ਨ ਅਉ ਕਰਿ ॥ ੧ ॥

End :–

ਸਾਹਾ ਦੇ ਪੁਤ੍ਰ ਫਕੀਰ, ਫਕੀਰ ਦੇ ਦੁਨੀਦਾਰ ॥
ਮੁਗਲ ਪਠਾਨ ਰਯਤ ਖਤ੍ਰੀ ਫਉਜਦਾਰ ॥
ਕੰਚਨ ਕੀਚੈ ਵਸਿ ਲੋਹੇ ਸੰਗਿ ਤੋੜੀਐ ॥
ਬਜੀਦਾ ਕਲਮ ਰਬਾਣੀ ਵਗੀ ਕਿਨੈ ਨ ਮੋੜੀਐ ॥ ੩੮ ॥

Bajid, a Muslim saint, lived during the sixteenth century. In the beginning he had very orthodox views. But later on he developed very liberal out look.

His verses are famous for frankness and straight forwardness.

S. No. 93

S.H.R. : 1437 F

Title : Shlok Pārdās

Author : Pārdās   *Size* : 14 × 9 C.M.

No. of Folios : (206–209)—4   *Lines per Page* : 8   *Letters per Line* : 16

Beginning :–

ੴ ਸਤਿਗੁਰ ਪ੍ਰਸਾਦਿ ॥
ਸਲੋਕੁ ਪਾਰਦਾਸ ਕੇ ।
ਸਤਿਗੁਰ ਪੂਰਾ ਦੇਊ ਕੁਲ ਤਾਰੇ ਜੋ ਜੋ ਸਰਨੀ ਆਵੈ ॥
ਜੇ ਮਤਿ ਹੀਣੁ ਮਾਇਆ ਕੇ ਗੀਦੀ ਸੋ ਕਿਆ ਗੁਰੂ ਕਹਾਵੈ ॥

End :–

ਜਿਸੁ ਘੜੀ ਸਰਨੇ ਪੜੀ ਸਾ ਵਡਭਾਗਨਿ ਮਾਇ ॥
ਜਿਨ ਪੀਉ ਪਾਇਓ ਪਾਰ ਦਾਸੁ ਸਰਬ ਸੀਗਾਰੁ ਬਣਾਇ ॥ ੧੫ ॥

The verses in this manuscript like other devotional verses exhort man to denounce wordly pleasures in order to achieve spiritual bliss.

S. No. 94

S.H.R. : 1437 G

Title : Shlok Tulsi

Author : Tulsi Dāss *Size* : 14 × 9 C.M.

No. of Pages : (209-211)=3 *Lines per Page* : 8 *Letters per Line* : 16

Beginning :–

ਸਲੋਕ ਤੁਲਸੀ (ਭਗਤ) ਕੇ ॥
ਤੁਲਸੀ ਬਿਲਮੁ ਨ ਕੀਜੀਏ ਬੇਗ ਜਪਹੁ ਰਘਬੀਰੁ ।
ਤਨੁ ਤਰਗਸ ਤੇ ਜਾਤੁ ਹੈ ਸਾਸਿ ਸਾਸਿ ਕੇ ਤੀਰ ।

End :–

ਸੀਖਿਓ ਸਭ ਤੰਤ੍ਰ ਮੰਤ ਜੰਤਨ ਕਉ ਸੀਖ ਲੀਨ ਪਿੰਗੁਲ ਪੁਰਾਨ ਸੀਖਿ ਬਡੇ ਭਾਏ ਸੂਰਮੈ ॥
ਸੀਖਿਓ ਸਭ ਬੇਤ੍ਰ ਯਾਂ ਤੇ ਨਿਪਟਿ ਸਿਯਾਨੋ ਭਇਓ ਏਕ ਹਰਿ ਬੋਲਬੋ ਨ ਸੀਖਿਓ ਸਭ ਸੀਖਿਓ ਗਇਓ ਧੂਰ ਮੈ ॥

According to F. E. Keay "All the literary works of Tūlsi Dāss have the object of popularising the worship of Rāmā. His Doha collection is not so much an epic poem as a moral work. Sir George-Grierson thinks that it is probably a collection of Dohās from other poems of Tulsi, made by a later hand." *History of Hindi Literature*, page 57.

S. No. 64

S.H.R. : 1427

Title : Sundar Bilās

Author : Bābā Sundar Dāss *Size* : 15 × 12 C.M.

No. of Folios : 199 *Lines per Page* : 9 *Letters pes Line* : 18

Condition : Old, worm - eaten throughout written in good hand within marginal lines. Complete.

Beginning :–

੧ ਓ ਸਤਿਗੁਰ ਪ੍ਰਸਾਦਿ ॥ ਰਾਮ ਜੀ ਸਤਿ ।
ਸ੍ਰੀ ਗੁਰਦੇਵ ਦਾਦੂ ਪ੍ਰਸਾਦਿ । ਬਾਬਾ ਸੁੰਦਰ ਦਾਸ ਕਾ ।
ਸਵੈਯਾ । ਲਿਖਤੰ ਪ੍ਰਥਮਹਿ ਗੁਰਦੇਵ ਕੌ ਅੰਗ ।
ਇੰਦਵ ਛੰਦ
ਮੌਜ ਕਰੀ ਗੁਰਦੇਵ ਦਇਆ ਕਰ ਸਬਦੁ ਸੁਨਾਇ ਕਹਿਓ ਹਰਿ ਨੇਰੋ ।
ਜਿਯੋ ਰਵਿ ਕੈ ਪ੍ਰਗਟੈ ਨਿਸ ਜਾਤ ਸੁ ਦੂਰ ਕੀਯੋ ਭ੍ਰਮੁ ਭਾਨ ਅੰਧੇਰੋ ॥

End :–

ਸੇਖ ਮਸਾਇਕ ਅਉਰਉ ਲਾਇਕ ਥਾਕਿ ਰਹੇ ਮਨ ਮੈ ਮੁਸਕਾਤੇ ।
ਸੁੰਦਰ ਮੌਨ ਗਹੀ ਸਿਧ ਸਾਧਿਕ ਕਉਨ ਕਹੇ ਉਸ ਕੀ ਮੁਖ ਬਾਤੇ । ੧੫ ॥

ਇਤ ਸ੍ਰੀ ਅਸਚਰਜ ਕੋ ਅੰਗ ਸਪੂਰਣੰ । ਸਮਾਪਤੁ ਮਸਤੁ ਸੁਭ ਮਸਤੁ । ਅੰਗੁ । ੩੩ । ੫੨੧ । ਹਰੈ ਰਾਮ ਹਰੇ । ਸੁੰਦਰ ਜੀ ਕੋ ਪੋਥ ਸਪੂਰਨੰ ।

Sunder Dāss was the follower of Dādū, a seventeenth century msytic who flourished in Rājputān. According to Bhāi Kāhn Singh he was born in 1653 B.K. viz. 1596 A.D. and died in 1746 B.K. viz. 1689 A.D. Most of the time he lived in Jaipur State. Besides this he was author of Giān Samunder and Sākhi also.

The theme in this manuscript is the spiritual elevation.

S.No. 96

S.H.R. : 1573

Title : Sūr Sāgar

Author : Sūr Dāss *Size* : 31 × 18 C.M.

No. of Folios : 445 *Lines per Page* : 12 *Letters per Line* : 42

Condition : Old, written in beautiful hand writing within beautiful marginal lines, headings given in red. Complete.

Beginning :–

੧ ਓ ਸ੍ਰੀ ਸਤਿ ਸ੍ਰੀ ਗਣੇਸਾਯਨਮ । ੧ ਓ ਸਤਿਗੁਰ ਪ੍ਰਸਾਦਿ ॥
ਸ੍ਰੀ ਰਾਮ ਨਾਮਾਂ । ਅਥ ਸੂਰ ਦਾਸ ਕ੍ਰਿਤ ਬਿਸਨ ਪਦ ਭਾਖਾ ਸੂਰ ਸਾਗਰ ਲਿਖਯਤੇ ।
ਰਾਗੁ ਕਲਿਆਨ ।
ਚਰਨ ਕਮਲ ਬੰਦੌ ਹਰਿ ਰਾਇ ।
ਜਾ ਕੀ ਕ੍ਰਿਪਾ ਕਟਾਛ ਅਰਾਧੈ ਕੋ ਸਥ ਕਛੁ ਦਰਸਾਇ ॥
ਬਹਰੋ ਸਬਦ ਮੂੰਕ ਪੁਨ ਬੋਲੈ ਰੰਕ ਚਲੈ ਸਿਰ ਛਤ੍ਰ ਧਰਾਇ ॥
ਸੂਰਦਾਸ ਸੁਆਮੀ ਕਰੁਣਾ ਮੈ ਵਾਰਿ ਵਾਰਿ ਬੰਦੌ ਤਿਹਿ ਪਾਇ ॥ ੧ ।

End :—

ਬਿਨ ਹਰਿ ਆਗਿਆ ਡੁੱਲੈ ਨ ਪਾਤ ॥ ਕਉਨ ਸਕੈ ਕਾਹੂੰ ਕਰ ਘਾਤ ॥
ਹਰਿ ਜਿਉ ਚਾਹੈ ਤਿਉ ਹੀ ਹੋਇ ॥ ਨ੍ਰਿਪ ਯਾ ਮੈ ਸੰਦੇਹ ਨ ਕੋਇ ॥
ਨ੍ਰਿਪ ਕੇ ਮਨ ਯਹਿ ਨਿਸਚੇ ਆਯੋ । ਜੋਗ ਛਾਡਿ ਹਰਿ ਪਦੁ ਚਿਤ ਲਾਯੋ ।
ਸੂਤ ਸੋਨਕਨ ਕਹਿ ਸਮਝਾਯੋ ॥ ਸੂਰਦਾਸ ਤਿਉ ਹਰਿ ਗੁਨ ਗਾਯੋ ॥ ੧੭੪੮ ॥
ਇਤਿ ਸ੍ਰੀ ਭਾਗਵਤੋ ਮਹਾਂ ਪੁਰਾਣੇ ਸੂਰਦਾਸ ਕ੍ਰਿਤ ਉਦ੍ਾਦਸ ਸਕੰਧ ਸਮਾਪਤੰ ॥ ੧੨ ।

According to F. E. Keay "Sūr Dāss excelled in many styles of composition. A large number of episodes and passages from the Bhagavata Purana

were reproduced by him in exquiste verse and he was the writer of great number of lyrics in connection with worship of Krishna and Radha which were collected together in the Sūr Sāgar and Surāvali." *History of Hindi Literature Page 74*

This work is particularly contains devotional and lyrical poetry.

S. No. 97

S.H.R. : 1592

Title : Sūr Dāss Sagar

Author : Sūr Dāss
No. of Folios : 256 & 330, 380
Letters per Line : 21
Size : 15 × 10 C.M.
Lines per Page : 12
Condition : Very old, written in good hand without any margin. Incomplete.

Beginning :–

੧ ਓ ਸਤਿਗੁਰ ਪ੍ਰਸਾਦਿ ॥ ਸ੍ਰੀ ਭਾਗਵਤ ਸੂਰ ਸਾਗਰ
ਦ੍ਵਾਦਸ ਸਕੰਧ ਬਰਨਨੰ ॥ ਰਾਗ ਕਲਯਾਨ ।
ਬੰਦੋ ਚਰਨ ਕਮਲ ਚਿਤ ਲਾਇ ।
ਜਾਕੀ ਕਿਰਪਾ ਪਿੰਗ ਗਿਰ ਲੰਘੈ,
ਜਨਮ ਅੰਧ ਕੋ ਸਬਦ ਰਸਾਇ ।
ਬਹਰੇ ਸਬਦ ਮੂਕ ਪੁਨ ਬੋਲੈ, ਰੰਕ ਚਲੈ ਸਿਰ ਛਤ੍ਰ ਫਰਾਇ ॥
ਸੂਰਦਾਸ ਸੁਆਮੀ ਕਰੁਣਾ ਮੈ, ਬਾਰ ਬਾਰ ਬੰਦੋ ਤਿਹ ਪਾਇ ॥ ੧ ॥

End :–

ਕਹਯੋ ਜਗ ਤੇਰੇ ਸੁਤ ਲੇਇ । ਅਪਨਾ ਤਰਨਾ ਪੋ ਤੋਹਿ ਦੇਇ ।
ਭੋਗ ਮਨੋਰਥ ਤਬ ਤੂ ਪਾਵੈ । ਮੇਰੋ ਬਚਨ ਬਿਰਥਾ ਨਹਿ ਜਾਵੈ ।
ਬੜੇ ਪੁਤ੍ਰ ਸਦੁ ਸੋ ਕਹਯੋ ਜਾਇ । ਉਨ ਕਹਯੋ ਬ੍ਰਿਧ ਭਇਓ ਨਹਿ ਜਾਇ ।

This manuscript is in-complete as its last pages are missing.

C—SIKH THEOLOGY

1—Scriptures (Adi Granth & Dasam Granth)

S. No. 98

S.H.R. : 2757

Title : Adi Sri Gūrū Granth Sāhib

Editor : Gūrū Arjan
No. of Folios : 1085
Letters per Line : 31
Size : 32 × 32 C.M.
Lines per Page : 17
Date of Compilation : 1604 A.D.

Beginning :—

੧ ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥

End :—

ਖਸਟ ਰਾਗ ਉਨ ਗਾਏ ਸੰਗਿ ਰਾਗਨੀ ਤੀਸ ॥
ਸਭੈ ਪੁਤ੍ਰ ਰਾਗਨਿ ਕੇ ਅਠਾਰਹ ਦਸ ਬੀਸ ॥

ਸਿਆਹੀ ਕੀ ਬਿਧਿ । ੧ ਓ ਸਤਿਗੁਰ ਪ੍ਰਸਾਦ ।

... ...

ਇਕ ਸਿਰਸਾਹੀ ਕਜਲੁ ਵਜਨੁ । ੧ । ਬੋਲੁ । ੨ । ਗੂੰਦਕਿ ਕਰਕਾ । ਇਕ ਰਤੀ ਲਾਜਵਰਦ । ਇਕ ਰਤੀ ਸੁਇਨਾ । ਬਿਜੇ ਸਾਰ ਕਾ ਪਾਣੀ । ਤਾਂਬੇ ਕਾ ਭਾਂਡਾ । ਨਿੰਮੁ ਕੀ ਲਕੜੀ । ਦੂਰ ਕਾ ਕਜਲੁ । ਦਿਨ ਵੀਹ ਘਸਣੀ । ਰਵਾਲ ਰਖਣੀ । ੧ । ੧ ।

The Adi Granth, the Sikh Scripture, was edited by Gūrū Arjan the fifth Gūrū. The editing was completed in 1604 A.D. Akbar, the great Mūghal Emperor heard some of its verses while he was in the Punjab in 1598 A.D. (vide *Kulasotāl Twārikh*) and said to have appreciated its electic spirit. *Shabads* of Gūrū Tegh Bahādur were added to it subsequently by Gūrū Gobind Singh.

It contains the verses (*Shabads*) of the following :—

Gūrū Nānak	987	Pipā	1
Gūrū Angad	63	Farīd	123
Gūrū Amar Dass	869	Benī	3
Gūrū Ram Dass	638	Bhīkhan	2
Gūrū Arjan	2312	Mardanā	3
Gūrū Tegh Bahādur	115	Rav Dāss	40
Gūrū Gobind Singh	1	Jai Dev	2
Kabīr	534	Sen	2
Nām Dev	62	Sadhanā	1
Tarlochan	5	Satta Balwanda	8
Dhannā	4	Sunder	6
Parmānand	1	etc. etc.	

This copy of the Adi Granth more resembles Bhāi Banno's Bīr, characteristics of which have been recorded by Bhāi Kāhn Singh in Mahā Kosh. This manuscript copy has been donated to this collection by the author of this catalogue.

S. No. 99

S.H.R. : 2293 D

Title : Avtār Lila

Size : 17 × 12 C.M.
Lines per Page : 16
No. of Folios : 96 to 103=10
Letters per Line : 20

Beginning :–

੧ ਓ ਸਤਿਗੁਰ ਪ੍ਰਸਾਦਿ ॥
ਗਉੜੀ ਮਹਲਾ ੧ ।
ਧਿਆਉ ਦਸਾ ਅਵਤਾਰਾ ਕਾ ।
ਏਕ ਨਿਰੰਜਨ ਆਦਿ ਦੂਜਾ ਨਾਹਿ ਕੋਇ ॥
ਪਰੈ ਪਰੈ ਜੁਗਾਦਿ ਆਪ ਵਰਤਿਆ ॥
ਆਦਿ ਅਨੀਲ ਅਨਾਦਿ ਅਨਾਹਦ ਨਮਸਕਾਰ ॥
ਇਕਤ ਨ ਮਨੀਆਦਿ ਇਕਠੇ ਜੁਗਹ ਜੁਗ ॥
ਸਤਿਗੁਰ ਕੈ ਪ੍ਰਸਾਦਿ ਏਕ ਵਖਾਣਿਆ ॥

End :–

ਗੁਰ ਮਿਲਿ ਭਜਹਿ ਮੁਰਾਰੀ ਤਿਨ ਕੀ ਪਰਮ ਗਤਿ ।
ਇਕ ਮਹਾਂ ਦੈਂਤ ਅਹੰਕਾਰੀ ਤਿਨ ਕੀ ਪਸੁ ਮਤਿ ।
ਇਕਨਾ ਬਾਜੀ ਹਾਰੀ ਢੋਈ ਨ ਲਹਨ ।
ਨਾਨਕ ਦਾਸੁ ਸਰਨ ਤਿਹਾਰੀ ਰਾਖਹੁ ਹਥ ਦੇਇ ॥ ੨੮ ॥
ਅਉਤਾਰ ਲੀਲਾ ਪੂਰੀ ਹੋਈ ॥

It contains apocryphal verses attributed to Gūrū Nānak. It gives an account of Avtārs (incarnations of God) in different ages.

S. No. 100

S.H.R. : 1579 D

Title : Bachittar Nātak Pātshāhi Dasvin

Author : Gūrū Gobind Singh
No. of Folios : 270-306=37
Lines per Page : 12
Size : 17 × 12 C.M.
Letters per Line : 24

Beginning :–

੧ ਓ ਸਤਿਗੁਰ ਪ੍ਰਸਾਦਿ ॥
ਅਥ ਬਿਚਿਤ੍ਰ ਨਾਟਕ ਗ੍ਰੰਥ ਲਿਖਯਤੇ ।
ਤ੍ਵ ਪ੍ਰਸਾਦਿ । ਸ੍ਰੀ ਮੁਖ ਬਾਕ ਪਾਤਿਸਾਹੀ । ੧੦ ।

ਦੋਹਰਾ

ਨਮਸਕਾਰ ਸ੍ਰੀ ਖੜਗ ਕੋ ਕਰੋ ਸੁ ਹਿਤੁ ਚਿਤੁ ਲਾਇ।
ਪੂਰਨ ਕਰੋ ਗਿਰੰਥ ਇਹੁ ਤੁਮ ਮੁਹਿ ਕਰਹੁ ਸਹਾਇ।੧।

End :–

ਪਸੁ ਪੰਛੀ ਨਗਿ ਨਾਗਿ ਜਪਹਿਗੇ। ਹਿਰਦੇ ਨਾਮ ਗੋਬਿੰਦ ਧਰੈਗੇ।
ਮਾਨਖੁ ਬਨਿ ਤਨੁ ਸਭੁ ਥਾਪ ਥਪਹਿਗੇ।
ਜਲਿ ਥਲਿ ਮਹੀਅਲਿ ਜਪੇ ਅਕਾਲਿ। ਵਾਹਿਗੁਰੂ ਕਾ ਜਪਸੀ ਜਾਪੁ।
ਧੁਰਿ ਦਰਗਾਹੋਂ ਲਿਖਿਆ ਆਇਆ। ਕਲਿਜੁਗਿ ਨਾਨਕ ਰਾਜਿ ਚਲਾਇਆ।

Bachittar Nātak is one of the most important works of Gūrū Gobind Singh, containing his autobiography. Its translation in English is available in Macaulife's *Sikh Religion*, Malcolm's, *Sketch of the Sikhs* and I.B. Bannerji's, *Evolution of Khalsa*.

S. No. 101 **S.H.R. : 1589 C**

Title : Bāni Pātshāhi Dasvin

Author : Sri Gūrū Gobind Singh Ji *Size* : 13 × 8 C.M.

Condition : Old, pages at places worm-eaten, written in beautiful hand, within marginal lines headings given in red.

Beginning :—

੧ ੴ ਸਤਿਗੁਰ ਪ੍ਰਸਾਦਿ ॥ ਜਪੁ ॥
ਸ੍ਰੀ ਮੁਖਵਾਕ ਪਾਤਿਸਾਹੀ।੧੦। ਛਪੈ ਛੰਦ ।ਤ੍ਵਪ੍ਰਸਾਦਿ।
ਚਕ੍ਰ ਚਿਹਨ ਅਰੁ ਬਰਨ ਜਾਤ ਅਰ ਪਾਤ ਨਹਿਨ ਜਿਹ।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ। ....

End :–

ਦੰਤੁਲਾ ਦਾਮਣੀ ਦੁਕਟਾ ਦੁਭ੍ਰਮ। ਛਾਲੰਤਾ ਨਿਦਕਾਨਿ ਬਿਖਾ ਨਿਗਮਾ।
ਕਦ੍ਰਕਾ ਚੁੜਕਾ ਚਾਰਕਾ ਚਪਣੀ ਚਚੂੰਤਾ ਚਾਵੜਾ ਚਿਪਿਲਾ ਜਾਪਣੀ।

This manuscript copy contains the following works of the tenth Guru:-

1.	Jap Sāhib	folio 37– 69
2.	Akāl Ūstat,	,, 69–174
3.	Bachitar Nātak	,, 174–297
4.	Chandi Chrittar,	,, 297–399
5.	Swayyās Patshahi Das	,, 505–507
6.	–do– –do– –do–	,, 505–507
7.	Sri Bhagauti Ji ka Chhand (Attributed to Gūrū Gobind Singh)	,, 539–555

S. No. 102

S.H.R. : 1593 A

Title : Das Granthi

Size : 17 × 13 C.M. *No. of Folios :* 40+160=200

Lines per Page : 8 *Letters per Line :* 16

Condition : Old, written in good hand within marginal lines. Complete.

Beginning :–

੧ ਓ ਸਤਿਗੁਰ ਪ੍ਰਸਾਦਿ ॥
ਜਾਪੁ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥ ਛਪੈ ਛੰਦ ਤ੍ਵਪ੍ਰਸਾਦਿ ॥
ਚਕ੍ਰ ਚਿਹਨ ਅਰ ਬਰਨ ਜਾਤਿ ਅਰ ਪਾਤਿ ਨਾਹਿਨ ਜਿਹ ।

... ...

End :–

ਕਬੀਰ ਜਉ ਗ੍ਰਿਹ ਕਰਹਿ ਤ ਧਰਮੁ ਕਰੁ ਨਹੀ ਤ ਕਰੁ ਬੈਰਾਗੁ ।
ਬੈਰਾਗੀ ਬੰਧਨ ਕਰੈ ਤਾ ਕੋ ਬਡੋ ਅਭਾਗੁ ॥ ੨੪੩ ॥

This is an anthology of hymns from the Adi Granth and the Dasam Granth. Almost all the hymns have been published separately as well as collectively. It contains the following :-

1.	Jāp Sahib	folio	1- 24	(Gurū Gobind Singh)
2.	Vār Gauri	,,	24 - 38	(Adi Granth)
3.	Shabads	,,	38– 40	(Adi Granth)
4.	Selection of Shabad	,,	1–109	–do–
5.	Shlok Mehlā 9	,,	109–118	–do–
6.	Shabad Hazāre	,,	118–125	–do–
7.	Shlok Kabir	,,	125–160	–do

S. No. 103

S.H.R. : 1585

Title : Das Granthī

No. of Folios : 244 to 390=146 *Size :* 14 × 11 C.M.

Lines per Page : 8 *Letters per Line :* 16

Condition : Old, written in good hand within marginal lines. Incomplete.

Beginning :–

੧ ਓ ਸਤਿਗੁਰ ਪ੍ਰਸਾਦਿ ॥ ਜਾਪੁ । ਸ੍ਰੀ ਮੁਖਵਾਕ ਪਾਤਸਾਹੀ ੧੦
ਛਪੈ ਛੰਦ
ਚਕ੍ਰ ਚਿਹਨ ਅਰ ਬਰਨ ਜਾਤਿ ਅਰ ਪਾਤਿ ਨਹਿਨ ਜਿਹ ।
ਰੂਪ ਰੰਗ ਅਰ ਰੇਖ ਭੇਖ ਕੋਊ ਕਹਿ ਨ ਸਕਤ ਕਿਹ ।

End :—

ਰਾਮ ਗਇਓ ਸਾਧੂ ਗਇਓ, ਗਇਓ ਗੁਰ ਗੋਬਿੰਦ ॥
ਕਹੁ ਨਾਨਕ ਇਹਿ ਜਗਤ ਮੈ ਕਿਨ ਜਪਿਓ ਗੁਰਮੰਤ ॥ ੫੬ ।
ਰਾਮੁ ਨਾਮ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤਿਹਾਰੋ ਹੋਇ ॥ ੫੭ ॥

Its first 243 folios are missing. It contains the following works from the Dasam Granth and the Adi Granth :-

1.	Jap Sāhib	folios 244 to 270	(Gūrū Gobind Singh)
2.	Akal Ūstat	„ 270 to 347	(Gūrū Gobind Singh)
3.	Hymns	„ 347 to 381	(Adi Granth)
4.	Shlokas of 9th Gūrū	„ 381 to 390	(Adi Granth)

S. No. 104

S.H.R. : 2478

Title : Dasam Pātshāh di Bāni

Author : Gūrū Gobind Singh. *Size* : 16 × 12 C.M.

No. of Folios : 77 *Lines per Page* : 10 *Letters per Line* : 19

Condition : Very old, worm-eaten through out written in running hand without margin. Incomplete.

Beginning :—

੧ ਓ ਸਤਿਗੁਰ ਪ੍ਰਸਾਦਿ ॥
ਉਤਾਰ ਖਾਸੇ ਦਸਖਤ ਕਾ – ਪਾਤਸ਼ਾਹੀ ੧੦ ।
ਅਕਾਲ ਪੁਰਖ ਕੀ ਰਛਾ ਹਮਨੈ ॥ ਸਰਬ ਲੋਹ ਦੀ ਰਛਿਆ ਹਮਨੈ ।
ਸਰਬ ਕਾਲ ਜੀ ਦੀ ਰਛਿਆ ਹਮਨੈ ॥ ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ ।

End :–

ਫਟਕਸੀ ਕੈਲਾਸ ਕਮਾਉ ਗਢ ਕਾਂਸੀ ਪੁਰ ਸੀਸਾ ਸੀ ਸੁਰੰਗਾ ਬਾਦ ਨੀਕੈ ਸੋਹੀਅਤੁ ਹੈ ।
ਹਿੰਮਸੀ ਹਿਮਾਲੈ ਹਰ ਹਾਰਸੀ ਹਲਬਾ ਨੇਰ ਹੰਸ ਕੇਸੀ ਹਾਜੀ .... !

This manuscript is incomplete as its twenty one folios are missing in the beginning and some folios from the end.

It contains Akal Ūstat as given in the Dasam Granth.

S. No. 105

S.H.R. : 1581

Title : Dasm Pātshāh di Bani

Author : Gūrū Gobind Singh *Size :* 11 × 18 C.M.

No. of Folios : 411 *Lines per Page :* 7 *Letters per Line :* 12

Condition : Old, written in good hand writing within marginal lines. Incomplete.

Beginning :–

੧ ੴ ਸਤਿਗੁਰ ਪ੍ਰਸਾਦਿ ॥

ਅਥ ਬਚਿਤ੍ਰ ਨਾਟਕ ਗ੍ਰਿੰਥ ਲਿਖਯਤੇ । ਸ੍ਰੀ ਮੁਖ ਬਾਕ ਪਾਤਸ਼ਾਹੀ ੧੦

ਦੋਹਰਾ

ਨਮਸਕਾਰ ਸ੍ਰੀ ਖੜਗ ਕਉ ਕਰੋ ਸੁ ਹਿਤ ਚਿਤ ਲਾਇ ।

ਪੂਰਨ ਕਰੌ ਗ੍ਰਿੰਥ ਇਹੁ ਸ਼ਬ ਤੁਮ ਕਰਹੁ ਸਹਾਇ । ੧ ।

End :–

ਤ੍ਰਿਭੰਗੀ ਛੰਦ

ਸੰਖਾ ਸੁਰ ਮਾਰੇ ਬੇਦ ਉਧਾਰੇ ਸਤ੍ਰ ਸੰਘਾਰੇ ਜਸੁ ਲੀਨੋ ।

ਦੇਵੇ ਸੁ ਬੁਲਾਯੋ ਰਾਜ ਬਿਠਾਯੋ ਛਤ੍ਰ ਫਿਰਾਯੋ ਸੁਖ ਦੀਨੋ ।

ਕੋਟ ਬਜੇ ਬਾਜੇ ਅਮੁਰੇ ਸੁਰ ਗਾਜੇ ਸੁਭ ਘਰ ਸਾਜੈ ਸੋਕ ਹਰੇ ।

ਦੈ ਕੋਟਕ ਦਛਨਾ ਕ੍ਰੋਰ ਪ੍ਰਦਛਨਾ ਆਨਿ ਸੁ ਮਛ ਕੇ ਪਾਇ ਪਰੇ ।

ਇਤ ਸ੍ਰੀ ਬਚਿਤ੍ਰ ਨਾਟਕੇ ਮਛ ਅਵਤਾਰ ਕਥਨੰ । ਸੰਖਾਸੁਰ ਬਧਹ ।

This anthology consists of the following works of Gūrū Gobind Singh Ji

1. Bachittar Nātak (Gūrū Gobind Singh)
2. Chardī Chrittar -do- -do-
3. Jap Sāhib 464–493 (Gūrū Gobind Singh)
4. Akal Ūstat 493–577 (Gūrū Gobind Singh)
5. Vār Sri Bhagautī and Chaubis Avtār 577–614.

Though this manuscript is beautifully bound, the binder has put the later half first and the first half later with the result that folio number one comes in the middle of the manuscript.

S. No. 106

S.H.R. : 1589

Title : Devi Ūstat & Vār Sri Bhagauti

Author : Gūrū Gobind Singh *Size :* 13 × 8 C.M.

No. of Pages : 51 (555–616) *Lines per Page :* 5

Letters per Line : 20

Beginning :—

ੴ ਅਥ ਦੇਵੀ ਜੂ ਉਸਤਤ ਕਥਨੰ ।
ਭੁਜੰਗ ਪ੍ਰਯਾਤ ਛੰਦ ।
ਤੁਹੀ ਅਸਤ੍ਰਣੀ ਸਸਤ੍ਰਣੀ ਆਪ ਰੂਪਾ ।
ਤੁਹੀ ਅੰਬਕਾ ਜੰਭ ਹੰਤੀ ਅਨੂਪਾ ।
ਤੁਹੀ ਅੰਬਕਾ ਸੀਤਲਾ ਤੋਤਲਾ ਹੈ ।
ਪ੍ਰਿਥੀ ਭੂਮ ਅਕਾਸ ਤੈ ਹੀ ਕੀਆ ਹੈ । ੧ ।

End :—

ਪਉੜੀ
ਸੁੰਭਨ ਸੁੰਭ ਪਠਾਇਆ ਜਮ ਦੇ ਧਾਮ ਨੋ ।
ਇੰਦ੍ਰ ਸਦ ਬੁਲਾਇਆ ਰਾਜੇ ਅਭਖੇਖਨਾ ।
ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੇ ॥
ਚਉਦਹ ਲੋਕੀ ਛਾਇਆ ਜਸੁ ਜਗਮਾਤ ਦਾ ।
ਦੁਰਗਾ ਪਾਠੁ ਬਣਾਇਆ ਸਭੇ ਪਉੜੀਆ ।
ਫੇਰ ਨ ਜੂਨੀ ਆਇਆ ਜਿਨ ਇਹ ਗਾਇਆ । ੫੭ ॥

It consists of the following works :-

1. Devi Ūstat	folios 555–558		
2. Ustotar Bhawani	,, 559–561		
3. Chaupāi	,, 562–572	(Gūrū Gobind Singh)
4. Chaubis Avtār	,, 573–588	(Gūrū Gobind Singh)
5. Vār Sri Bhagauti ji ki. (Chandi di vār)	,, 589–616	(Gūrū Gobind Singh)

S. No. 107

S.H.R. : 1589 B

Title : Giān Parbodh

Author : Gūrū Gobind Singh Ji *Size* : 13 × 8 C.M.

No. of Folios : 399–505=107 *Lines per Page* : 5 *Letters per Line* : 20

Beginning :—

ੴ ਸਤਿਗੁਰ ਪ੍ਰਸਾਦਿ ॥
ਸ੍ਰੀ ਭਗਉਤੀ ਜੀ ਸਹਾਇ ।
ਅਥ ਗਿਆਨ ਪਰਬੋਧ ਗ੍ਰੰਥ ਲਿਖਯਤੇ । ਪਾਤਸ਼ਾਹੀ ੧੦
ਭੁਜੰਗ ਪ੍ਰਯਾਤ ਛੰਦ । ਤ੍ਵਪ੍ਰਸਾਦਿ ॥
ਨਮੋ ਨਾਥ ਰੂਪੇ ਸਦਾ ਸਿਧ ਕਰਮੰ । ਅਛੇਦੀ ਅਭੇਦੀ ਸਦਾ ਏਕ ਧਰਮੰ ।
ਕਲੰਕੰ ਬਿਨਾ ਨੇਕਲੰਕੀ ਸਰੂਪੇ । ਅਛੇਦੰ ਅਭੇਦੰ ਅਖੇਦੰ ਅਨੂਪੇ । ੧ ।

End :–

ਤੈ ਸਹੀ ਮਖ ਕੀਜੀਐ ਸੁਨਿ ਗਜ ਰਾਜ ਪ੍ਰਚੰਡ।
ਜੀਤ ਦਾਨਵ ਦੇਸ ਕੇ ਬਲਵਾਨ ਪੁਰਖ ਅਖੰਡ।
ਤੈ ਸਹੀ ਮਖ ਮਾਰ ਕੈ ਸਿਰ ਇੰਦ੍ਰ ਛਤ੍ਰ ਫਿਰਾਇ।
ਜੈਸੇ ਸੁਰ ਸੁਖ ਪਾਇਓ ਤਿਵ ਸੰਤ ਹੋਹ ਸਹਾਇ ॥ ੩ ॥ ੩੩੬ ॥

This is Gurū Gobind Singh's important work, forming a part of the Dasam Granth.

S. No. 108

S.H.R. : 1590 F

Title : Giān Sarod

Size : 18 × 13 C.M. *No. of Folios* : 1–18 Part II
Lines per Page : 11 *Letters per Line* : 22

Beginning :–

੧ ਓ ਸਤਿਗੁਰ ਪ੍ਰਸਾਦਿ।
ਰਾਗ ਰਾਮਕਲੀ ਮਹਲਾ ੧। ਗਿਆਨ ਸੁਰੋਦੇ ਕਾ।
ਪ੍ਰਸੋਤਮ ਪ੍ਰਮਆਤਮਾ ਪੂਰਨ ਬਿਸਵਾ ਬੀਸੁ।
ਆਦਿ ਪੁਰਸਿ ਅਬਚਲੁ ਤੋਹਿ ਨਿਵਾਵਉ ਸੀਸ।

End :–

ਧਰਨ ਟਰੈ ਗਿਰਵਰ ਟਰੈ ਅਉਰ ਟਰੈ ਸੁਨਿ ਮੀਤ।
ਬਚਨ ਸੁਰੋਦੈ ਨ ਟਰੈ ਨਾਨਕ ਦਾਸ ਰਣਿਜੀਤ।
ਗੁਰਦੇਵ ਸਰਣ ਕੀ ਦਇਆ ਜਿਉ ਸਾਧੋ ਦੀਆ ਸੁਨਾਇ।
ਜੋਗ ਜੁਗਤਿ ਹਰਿ ਭਗਤਿ ਕਰਿ ਬ੍ਰਹਮ ਗਿਆਨੁ ਦ੍ਰਿੜੁ ਕਰਿ ਗਹੋ।
ਨਾਨਕ ਆਤਮ ਤਤੁ ਬਿਚਾਰਿ ਕਰਿ ਅਜਪਾ ਮੈ ਮਨਿ ਸਿਮਰਹੋ।

This manuscript contains the apocryphal verses attributed to Gurū Nānak. It emphasizes importance of *Shabad*, the intuitional wisdom.

S. No. 109

S.H.R. : 1586

Title : Gurbāṇi

Size : 11 × 9 C.M. *No. of Folios* : 322
Lines per Page : 9 *Letters per Line* : 16
Condition : Old, written in good hand within marginal lines. Complete.

Beginning :–

ੴ ਸਤਿ ਨਾਮ ਕਰਤਾ ਪੁਰਖ ਨਿਰਭਉ ਨਿਰਵੈਰ
ਅਕਾਲ ਮੂਰਤ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਰਾਗੁ ਸਿਰੀ ਰਾਗੁ ਮਹਲਾ ੧ । ਘਰੁ ੧ ।
ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ।
ਕਸਤੂਰਿ ਕੁੰਗੂ ਅਗਰ ਚੰਦਨ ਲੀਪਿ ਆਵੈ ਚਾਉ ।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ । ੧ ॥

End :–

ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕ ਦੇਹੁ ਉਜੀਆਰਾ ॥
ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥ ੨ ।
ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿਗ ਪਾਨੀ ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥ ੩ ॥

It is an anthology of hymns drawn from almost all rāgās mentioned in the Adi Granth. A table of contents has been given in the beginning of this manuscript.

S No. 110

S.H.R. : 1587

Title : Gūrbāni Pothi

Size : 12 × 8 C.M. *No. of Folios :* 140

Lines per Page : 6 *Letters per Line :* 12

Condition : Old, written in beautiful hand-writing, Ist part in marginal lines and II part without margin. Complete.

Beginning .–

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ।
ਆਦਿ ਸਚੁ ਜੁਗਾਦਿ ਸਚੁ । ਹੈਭੀ ਸਚੁ । ਨਾਨਕ ਹੋਸੀ ਭੀ ਸਚੁ । ੧ ।

End :–

ਲਿਵਲੀਨ ਭਏ ਆਤਮ ਮਧ ਐਸੇ ।
ਜਿਉ ਜਲ ਜਲਹਿ ਭੇਦ ਕਹੁ ਕੈਸੇ ।
ਵਾਸਦੇਵ ਬਿਨ ਅਵਰ ਨ ਕੋਊ ।
ਨਾਨਕ ਓਅੰ ਸੋਹੰ ਆਤਮ ਸੋਊ । ੭ । ਧਾ ਰਾ ਲਾ ਥਾ ਝਾ ॥
ਮਹਲ ਦਸਵੇਂ ਨਾਲ ਦੁਰਗਾ ਮੰਤ੍ਰ ਰਲਾਇ ਲਿਖਿਆ ।
ਓਅੰ ਸ੍ਰਅੰ ਹ੍ਰੀਅੰ ਲ੍ਰੀਅੰ ਸੁੰਦ੍ਰੀ ਬਾਲਾ ਯਨਮ :

This contains the following works :-

1.	Jap Ji	folios	1–33	(Gūrū Nānak)
2.	Shabad Hazāre	,,	34–46	(Adi Granth)
3.	Jāp Sāhib	,,	1–47	(Gūrū Gobind Singh)
4.	Shabads	,,	48–58	(Gūrū Gobind Singh)
5.	Bhagauti Chhand	,,	1–27	(Gūrū Gobind Singh)
6.	Hymns	,,	28–32	(Adi Granth)
7.	Paintis Akhari	,,	32–36	(Attributed to Gūrū Nānak)

S. No. 111

S.H.R. : 1447

Title : Gūrbāni di Pothi

Size : 15 × 13 C.M. *No. of Folios :* 76

Lines per Page : 10 *Letters per Line :* 25

Condition : Very old, pages at places worm-eaten written in good hand without any margin. Incomplete.

Beginning :–

ਮੈ ਰੋਂਦੀ ਸਭੁ ਜਗੁ ਰੁੰਨਾ ਰੁੰਨੜੇ ਵਣਹੁ ਪੰਖੇਰੂ ।
ਇਕੁ ਨ ਰੁੰਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥

End :–

ਹਉ ਹਉ ਕਰਤ ਨ ਤ੍ਰਿਸਨ ਬੂਝੈ ਨਹ ਕਾਮ ਪੂਰਨ ਗਿਆਨੇ ।
ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ ਕੇਤਿਆ ਪਛੁਤਾਨੇ । ੩ ॥
ਧਾਰਿ ਅਨੁਗ੍ਰਹੋ ਅਪਨਾ ਕਰਿ ਲੀਨਾ ਰਾਮ ।
ਭੁਜਾ ਗਹਿ ਕਾਢਿ ਲੀਓ ਸਾਧੂ ਸੰਗੁ ਦੀਨਾ ਰਾਮ ॥

It contains hymns from the Adi Granth.

S. No. 112

S.H.R. : 2260

Title : Gūrbāni Sangreh

Size : 20 × 15 C.M. *No. of Folios :* 433

Lines per Page : 13 *Letters per Line :* 16

Condition : Old, pages at places worm-eaten written in running hand within marginal lines. Complete.

Beginning :–

੧ ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਆਕਾਲ ਮੂਰਤਿ ਆਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ।
ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।

End :–

ਧਨਾਸਰੀ ਮਹਲਾ ੯ ।
ਕਾਹੇ ਰੇ ਬਨਿ ਖੋਜਨਿ ਜਾਈ ।
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ । ੧ । ਰਹਾਉ ।
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ।
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ । ੧ ।
ਬਾਹਰਿ ਭੀਤਰਿ ਏਕੋ ਜਾਨਹੁ ਇਹ ਗੁਰ ਗਿਆਨੁ ਬਤਾਈ ।
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥ ੨ ॥

This is an anthology of hymns from the Adi Granth and the Dasam Granth.

S- No. 113

S.H.R. : 2242

Title : Gâtkâ Dasvin Patshâhi ki Bâni

Author : Guru Gobind Singh *Size :* 7 × 5 C.M.

No. of Folios : 152 *Lines per Page :* 5 *Letters per Line :* 8

Condition : Old, folios worm-eaten at the ends, written in good handwriting within marginal lines. Incomplete.

Beginning :–

.... ਭੂਲ ਨ ਮਾਨੈ ।
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ।
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ।

End :–

ਅੜਿਲ
ਤਬੈ ਰਾਇ ਗ੍ਰਿਹ ਆਇ ਸੁ ਪ੍ਰਨ ਐਸੋ ਕਿਯੋ ।
ਭਲੋ ਜਤਨ ਸੋ ਰਾਖਿ ਧਰਮ ਅਬ ਮੈ ਲਿਯੋ ।
ਦੇਸ ਦੇਸ ਨਿਜ ਪ੍ਰਭ ਕੀ ਪ੍ਰਭਾ ਬਿਖੈ ਰਿਹੋਂ ।
ਹੋ ਆਨ ਤ੍ਰਿਯਾ ਕਹਿ ਬਹੁਰਿ ਨ ਕਬਹੂ ਹੇਰਿਹੋਂ । ੪੯ ।
ਦੋਹਰਾ
ਵਹੈ ਪ੍ਰਤਗਿਯਾ ਤਾਂ ਦਿਨ ਤੇਂ ਬਿਯਾਪਤ ਮੋ ਹਿਯ ਮਾਹਿ ।
ਤਾ ਦਿਨ ਤੇ ਪਰ ਨਾਰਿ ਕੋ ਹੇਰਤ ਕਬਹੂੰ ਨਾਹਿ । ੫੦

ਇਤਿ ਸ੍ਰੀ ਚਰਿਤ੍ਰ ਪਖਿਯਾਨੇ ਤ੍ਰਿਯਾ ਪੁਰਖ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋ ਖੋੜਸਮੋ ਚਰਿਤ੍ਰ ਸਮਾਪਤ ਮਸਤੁ ਸੁਭ ਮਸਤੁ । ੧ । ਅਫਜੂ ।

This is the anthology of hymns from the Dasam Granth. Its first page is missing.

S. No. 114

S.H.R. : 1582

Title : Gutkā Gurbāni

Size : 11 × 8 C.M. *No. of Folios :* 276

Lines per Page : 6 *Letters per Line :* 14

Condition : Old, written in good hand within red margin, headings given in red. Folios worn out at the ends. Incomplete.

Beginning :—

ਪੰਚ ਪਰਵਾਣ ਪੰਚ ਪਰਧਾਨ। ਪੰਚੇ ਪਾਵਹਿ ਦਰਗਹਿ ਮਾਨੁ।
ਪੰਚੇ ਸੋਹਹਿ ਦਰਿ ਰਾਜਾਨੁ। ਪੰਚਾ ਕਾ ਗੁਰ ਏਕੁ ਧਿਆਨੁ।

End :—

ਇਕ ਬੀਰ ਪਰੋਤੇ ਬਰਛੀਏ ਜਿਉ ਝੁਕ ਪਉਨ ਨਿਵਾਜੀ।
ਇਕ ਦੁਰਗਾ ਸਉਹੇਂ ਖੁਨਸ ਕੈ ਖੁਨਸਾਇਨ ਤਾਜੀ।
ਇਕ ਧਾਵਨ ਦੁਰਗਾ ਸਾਮਣੇ ਜਿਉ ਭੁਖਿਆਏ ਪਾਜੀ।
ਕਦੇ ਨ ਰਜੇ ਜੁਝ ਤੇ ਰਜ ਹੋਏ ਰਾਜੀ।

This contains the following works :-

1. Jap Ji 1– 32 (Gūrū Nānak)
2. Jāp Sahib 36– 64 (Gūrū Gobind Singh)
3. Sukhmanī 65–201 (Gūrū Arjan)
4. Rairās 201–227 (Adi Granth)
5. Anand Sāhib 228–232 (Gūrū Amar Dass)
6. Chandi di Vār 1– 46 (Gūrū Gobind Singh)

S. No. 115

S.H.R. : 1590 J

Title : Mantar Bābay Nānak Ji

Size : 18 × 13 C.M. *No. of Folios :* 3 (52–54) Part II

Lines per Page : 10 *Letters per Line :* 22

Beginning :–

੧ ਓ ਸਤਿਗੁਰ ਪ੍ਰਸਾਦਿ ॥

ਮੰਤ੍ਰ ਬਾਬੇ ਨਾਨਕ ਜੀ ਕੀ ਰਖਿਆ ਕਾ। ਵਾਰੀ ਤ੍ਰਿਹੁ ਪੜਨਾ।

ਆਪ ਤੇਜ ਬਾਇ ਪ੍ਰਿਥਮੀ ਅਕਾਸੁ ਏਹੁ ਹੈ। ਤਿਸ ਕੀ ਉਤਪਤਿ ਪੂਲੈ ਹੈ। ਇਸ ਕਾ ਬਲੁ ਏਹੁ ਹੈ। ਇਕੁ ਲਖੁ ਅਸੀ ਹਜਾਰ ਭੂਤ ਮਨਾ ਅੰਦਰ ਬਸਦਾ ਹੈ। ਤਿਸ ਕੀ ਉਤਪਤਿ ਪਉਣ ਹੈ।

End :—

ਡਰੈ ਡੁਗਰੈ। ਜਲੈ ਬਲੈ ਘਾਟੈ ਅਵਘਾਟੈ। ਸੋ ਵਾਹਿਗੁਰੂ ਨਾਨਕ ਨਿਰੰਕਾਰ ਜੀ ਰਛਿਆ

ਕਰੈ। ਸ੍ਰੀ ਅਕਾਲ ਪੁਰਖ ਜੀ ਰਛਿਆ ਕਰੈ। ਸ੍ਰੀ ਵਾਹਿਗੁਰੂ ਜੀ ਰਛਿਆ ਕਰੈ। ਸਬਦ ਸਾਚਾ ਫੁਰੈ। ਮੰਤ੍ਰ ਸ੍ਰੀ ਬਾਬੇ ਨਾਨਕ ਜੀ ਕਾ ਸੰਪੂਰਨ ਲਿਖਿਆ ਜੀ। ਸੁਭੰ। ਗੁਰੂ ਨਾਨਕ ਜੀ ਸਹਾਇ।

It is an apocryphal verse attributed to Gūrū Nānak. It holds that repetition of God's name can avert all evil effects.

S. No. 116

S.H.R. : 2900 A

Title : Nekalanki—Choubīs Avtār

Author : Gūrū Gobind Singh — *Size :* 11 × 8 C.m.

No. of Folios : 1–183=183 *Letters per Line :* 12 *Lines per Page :* 6

Condition : Very old, worm-eaten throughout written in good hand, within marginal lines, headings given in red. Complete.

Beginning :–

੧ ਓ ਸਤਿਗੁਰ ਪ੍ਰਸਾਦਿ ॥

ਅਥ ਨਿਹਕਲੰਕੀ ਚੌਬੀਸਵੋਂ ਅਵਤਾਰ ਕਥਨੰ।

ਚੌਪਈ

ਅਬ ਮੈ ਮਹਾ ਸੁਧ ਮਤਿ ਕਰਿ ਕੈ। ਕਹੋ ਕਥਾ ਚਿਤੁ ਲਾਇ ਬਿਚਰ ਕੈ।
ਚਉਬੀਸਵੋਂ ਕਲਕੀ ਅਵਤਾਰਾ। ਤਾ ਕਰ ਕਹੋ ਪ੍ਰਸੰਗ ਸੁਧਾਰਾ ॥ ੧ ॥

End :–

ਦੋਹਰਾ

ਚਟ ਪਟਾਇ ਚਿਤ ਮੈ ਜਰੇ ਤ੍ਰਿਣ ਜਿਉ ਕਰੁਧਿਤ ਹੋਇ।
ਖੋਜ ਰੋਜ ਕੇ ਹੇਤ ਲਗਿ ਦਯੋ ਮਿਸ੍ਰ ਜੂ ਰੋਇ ॥ ੧ ॥

This forms a part of Dasam Granth. It gives an account of Ne Kalanki Avtār.

S. No. 117

S.H.R. : 1590 I

Title : Paintīs Akharī

Author : Gūrū Nānak — *Size :* 18 × 13 C.M.

No. of Folios : 3 (50-52) Part II *Lines per Page :* 10

Letters per Line : 22

Beginning :–

੧ ਓ ਸਤਿਗੁਰ ਪ੍ਰਸਾਦਿ ॥

ਅਥ ਪੈਂਤੀਸਿ ਅਖਰੀ ਮਹਲਾ ੧

ਓਅੰਕਾਰ ਸਰਬ ਪ੍ਰਕਾਸੀ ॥ ਆਤਮਾ ਸੁਧ ਅਕੈ ਅਬਿਨਾਸੀ ॥
ਈਸ ਜੀਵ ਮੈ ਭੇਦ ਨ ਜਾਨੈ। ਸਾਧ ਚੋਰ ਸਭ ਬ੍ਰਹਮ ਬਖਾਨੈ।
ਹਸਤੀ ਚੀਟੀ ਤ੍ਰਿਣ ਲੌ ਆਦੇ। ਏਕ ਅਖੰਡਤ ਬਸੈ ਅਨਾਦੇ।
ੳ ਅ ਈ ਸ ਹ। ੧।

End :–

ਬਹੁਤੁ ਸ੍ਰੀ ਗੁਰੂ ਗੁਬਿੰਦ ਸਿੰਘ ਜੀ ਕੀ ਆਗਿਆ ਹੈ । ਬਰਤੁ ਪੂਰਣਮਾਸੀ ਕਾ ਰਖਣਾ । ਤੀਸਰੇ ਪਹਿਰਿ ਗੁਰਪੁਰਬ ਕਰਣਾ । ਫੇਰ ਪ੍ਰਸਾਦਿ ਪਾਵਣਾ । ਸਕਲ ਮਨੋਰਥ ਸ੍ਰੀ ਗੁਰੂ ਪੂਰਾ ਕਰੇਗਾ । ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ ।

It is the most important popular and a composition in the acrostic form. It is attributed to Gūrū Nānak and it has not been included in the Adī Granth.

S. No. 118

S.H.R. : 2219 B

Title : Pantis Akhari Mahala I

Size : 17 × 13 C.M. *No. of Folios* : 25-33=7

Lines per Page : 6 *Letters per Line* : 16

Complete.

Beginning :–

Same as in S.H.R. 1590 I

End :–

ਪੈਤੀਸ ਅਖਰੀ ਸੁਵਰਣ ਬੀਚ ਮੰਡਾਇ ਪਹਰਨੀ ਬ੍ਰਤ ਪੂਰਣਮਾਸੀ ਕਾ ਰਖਣਾ ਤੀਸਰੇ ਪਹਰ ਗੁਰ ਪੂਰਬ ਕਰਣਾ ਫਿਰ ਪ੍ਰਸਾਦਿ ਪਾਵਣਾ । ਸਗਲ ਮਨੋਰਥ ਸ੍ਰੀ ਗੁਰੂ ਜੀ ਪੂਰੇ ਕਰੇਗਾ ॥ ੧ ॥ ਸੰਪੂਰਣੰ ॥

S. No. 119

S.H.R. : 1441

Title : Pakhian Chrittar

Author : Gūrū Gobind Singh *Size* : 15 × 13 C.M.

No. of Folios : 513 *Lines per Page* : 12 *Letters per Line* : 20

Condition : Old, written in running hand, within marginal lines. Incomplete.

Beginning :–

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਭਗਉਤੀ ਏਨਮਹ । ਅਥ ਪਖਿਯਾਨ ਚਰਿਤ੍ਰ ਲਿਖਯਤੇ ।

ਪਾਤਸ਼ਾਹੀ ੧੦ । ਭੁਜੰਗ ਛੰਦ । ਤ੍ਵਪ੍ਰਸਾਦਿ ॥

ਤੁਹੀਂ ਖੜਗ ਧਾਰਾ ਤੁਹੀਂ ਬਾਢ ਵਾਰੀ ।

ਤੁਹੀਂ ਤੀਰ ਤਰਵਾਰ ਕਾਤੀ ਕਟਾਰੀ ।

ਹਲੇਬੀ ਜੁਨੱਬੀ ਮਕਰਬੀ ਤੁਹੀਂ ਹੈ ।

ਨਿਹਾਰੋਂ ਜਹਾਂ ਆਪ ਠਾਢੀ ਵਹੀ ਹੈ । ੧ ।

End :–

ਚੌਪਈ

ਭਈ ਪ੍ਰਾਤ ਰਾਜਾ ਸੁਧਿ ਲਯੋ ॥ ਤਿਨੈ ਨ ਤਹਾ ਬਿਲੋਕਤ ਭਯੋ ।

ਗਡਹਾ ਪਰ ਕੇ ਲਿਖਿਯੋ ਨਿਹਾਰਿਯੋ । ਮੰਤ੍ਰਨ ਜੁਤ ਇਹ ਭਾਂਤਿ ਬਿਚਾਰਿਯੋ । ੧੫ ।

ਦੋਹਰਾ

ਜਾ ਜੋਗੀਸੂਰ ਲੋਕ ਲਖਿ ਬਹੁਰਿ ਲਖਿਯੋ ਸਹ ਲੋਕ।
ਅਬ ਪਤਾਰ ਦੇਖਨ ਗਯੋ ਹ੍ਵੈਕੈ ਹ੍ਰਿਦੈ ਨਿਸੋਕ। ੧੬।

ਚੌਪਈ

ਜਿਧਿਯ ਜਿਧਿਯ ਸਭ ਤਾਹਿ ਉਚਾਰੈਂ। ਭੇਦ ਅਭੇਦ ਨ ਮੂੜ ਬਿਚਾਰੈਂ।
ਇਹ ਚਰਿਤ੍ਰ ਤ੍ਰਿਯ ਜਾਰ ਬਚਾਯੋ। ਰਾਜਾ ਤੈ ਗਡਹਾ ਪ੍ਰਜਾਯੋ।

As compared to the printed version of the Dasam Granth it has got only 3874 verses, whereas the printed one contams 7555.

S. No. 120

S.H.R. : 1588

Title : Panj Granthi

Size : 16 × 10 C.M. *No. of Pages :* 217
Lines per page : 9 *Letters per Line :* 20
Condition : Very old, written in beautiful hand within the marginal lines. Complete.

Beginning :—

੧ ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ
ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ। ਨਾਨਕ ਹੋਸੀ ਭੀ ਸਚੁ।

End :—

ਸਿਖ ਮਤਿ ਸਭ ਬੁਧਿ ਤੁਮਾਰੀ ਮੰਦਿਰ ਛਾਵਾ ਤੇਰੇ।
ਤੁਝ ਬਿਨ ਅਵਰ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ।
ਜੀਅ ਜੰਤ ਸਭ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ।
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ।

It is an anthology of verses from the Adi Granth. It consists of the Jap Ji, Rairās, Onkār, Sidh Ghost, Anand Sahib, Bāwan Akhari, Sukhmani, Asā di Vār, Shabad Hazāre.

S. No. 121

S.H.R. : 1591

Title : Panj Granthi

Size : 15 × 8 C.M. *No. of Folios :* 410
Lines per Page : 7 *Letters per Line :* 16
Condition : Very old. Some folios are torn out on the ends, written in good hand within red margin. Complete.

Beginning :–

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਜਪੁ ।
ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ।

End :–

ਚੌਪਈ
ਤੁਮ ਹੋ ਸਭ ਰਾਜਨ ਕੇ ਰਾਜਾ । ਆਪੇ ਆਪ ਗਰੀਬ ਨਿਵਾਜਾ ।
ਦਾਸ ਜਾਨ ਕਰ ਕ੍ਰਿਪਾ ਕਰਹੁ ਮੋਹਿ । ਹਾਰ ਪਰਾ ਮੈ ਆਨ ਦੁਵਾਰੇ ਤੋਹਿ ।

In addition to all the works mentioned in No. S.H.R. 1588 this anthology contains, Sohila, Vār Mājh of the 5th Gūrū, Shlok and hymns of the 9th Gūrū and Chaupai of the tenth Guru. With the exception of the last item, all are from the Adi Granth.

S. No. 122

S.H.R. : 1448

Title : Panj Granthi

Size : 16 × 10 C.M. *No. of Folios* : 207+27=234

Lines per Page : 8 *Letters per Line* : 20

Condition : Old, pages at places worm-eaten written in running hand within marginal lines. Incomplete.

Beginning :–

ਥਾਪਿਆ ਨ ਜਾਇ ਕੀਤਾ ਨ ਹੋਇ । ਆਪੇ ਆਪਿ ਨਿਰੰਜਨ ਸੋਇ ।
ਜਿਨ ਸੇਵਿਆ ਤਿਨਿ ਪਾਇਆ ਮਾਨੁ । ਨਾਨਕ ਗਾਵੀਐ ਗੁਣੀ ਨਿਧਾਨੁ ।

End :–

ਪਉੜੀ
ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ।
ਸੋ ਕਰਤਾ ਕਾਦਰ ਕਰੀਮ ਦੇ ਜੀਆ ਰਿਜਕੁ ਸੰਬਾਹਿ ।
ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿਨੈ ਪਾਇ ।
ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ।
ਸੋ ਕਰੈ ਜਿ ਤਿਸੈ ਰਜਾਇ । ੨੪ ॥

With the exception of Shabad Hazāre this anthology contains all the works mentioned in S.H.R. 1588. It is incomplete.

S. No. 123

S.H.R. : 2194

Title : Panj Granthi

Size : 14 × 9 C.M. *No. of Folios :* 315

Lines per Page : 7 *Letters per Line :* 20

Condition : Very old, worm-eaten throughout, written in beautiful hand writing, within marginal lines, headings given in red. Incomplete.

Beginning :–

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ।
ਜਪੁ । ਆਦਿ ਸਚੁ ਜੁਗਾਦਿ ਸਚੁ । ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।

End :–

ਓ ਸਤਿਗੁਰ ਪ੍ਰਸਾਦਿ ॥ ਨਿਸੀਹਤ ਨਾਵਾ ।
ਉਪਦੇਸ ਗੁਰੂ ਕਾ ਸੁਣਨਾ । ਮਿਥਿਆ ਨਾਹੀ ਗੁਣਨਾ ।
ਮਨ ਕਉ ਨਾਹੀ ਭ੍ਰਮਾਵਣਾ । ਅਖਾਜ ਨਾਹੀ ਖਾਵਣਾ ।
ਝੂਠ ਨਾਹੀ ਬੋਲਣਾ । ਤੂਫਾਨ ਨਾਹੀ ਤੋਲਣਾ ।
ਗੁਰੂ ਨਾਹੀ ਬਿਸਾਰਣਾ । ਧਰਮ ਨਾਹੀ ਹਾਰਣਾ ।
ਕ੍ਰੋਧ ਕਾਮ ਤਿਆਗਣਾ । ਨਾਮ ਸੰਗ ਲਾਗਣਾ । ਰਹਾਉ ।

In addition to all the works mentioned in S.H.R. 1588 this anthology contains Jaitsari ki Vār and Majh ki Vār.

At the end of this manuscript somebody has added "Nasyatnāwā" on different paper, which is definitely a recent one and its handwriting is also different. The first seventeen pages of this manuscript copy are missing.

S. No. 124

S.H.R. : 1575

Title : Parasnath—Rūdar Avtār

Author : Gūrū Gobind Singh *Size :* 17 × 12 C.M.

No. of Folios : 80 *Lines per Page :* 9

Letters per Line : 21 *Date of Transcription :* 1857 A.D.

Condition : Old, written in beautiful hand writing within marginal lines. Complete.

Beginning :–

੧ ਓ । ਅਬ ਪਾਰਸ ਨਾਥ ਰੁੱਦ੍ਰ ਅਵਤਾਰ ਕਥਨੰ ਪਾਤਿਸਾਹੀ ੧੦
ਚੌਪਈ ।
ਇਹ ਬਿਧ ਦੱਤ ਰੁਦ੍ਰ ਅਵਤਾਰਾ । ਪੂਰਣ ਮਤ ਕੌ ਕੀਨ ਪਸਾਰਾ ।
ਅੰਤ ਜੋਤ ਸੋ ਜੋਤਿ ਮਿਲਾਨੀ । ਜਿਹ ਬਿਧਿ ਸੋ ਪਾਰਬ੍ਰਹਮ ਭਵਾਨੀ । ੧ ।

End :–

ਤਬ ਜਰੀ ਅਗਨਿ ਬਿਸੇਖ । ਤਿਣ ਕਾਸਟ ਘਿਰਤ ਅਸੇਖ ।
ਤਬ ਜਰਯੋ ਤਾਮਹਿ ਰਾਇ । ਭਏ ਭਸਮ ਅਦਭੁਤ ਕਾਇ । ੧੩੦ । ੩੫੭ ॥
ਕਈ ਦਯੋਸ ਬਰਖ ਪ੍ਰਮਾਨ । ਸਲ ਜਰਾ ਜੋਰ ਮਹਾਨ ।
ਭਈ ਭੂਤ ਭਸਮੀ ਦੇਹ । ਧਨ ਧਾਮ ਛਾਡਯੋ ਨੇਹ । ੧੩੧ । ੩੫੮ ।

This is from the Dasam Granth and forms a part of Choubis Avtār. It gives an account of Pārasnāth—Rūdar Avtār.

S. No. 125

S.H.R. : 2264

Title : Pothi Gurbāni

Size : 15 × 12 C.M. *No. of Folios :* 56+61=117

Lines per Page : 11 *Letters per Line :* 19

Condition : Very old, except a few folios all others worm-eaten, written in three different hands, within marginal lines. Complete.

Beginning :–

੧ ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ । ਆਦਿ ਸਚ
ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।

End :–

ਨਿਰਮਲ ਸੋਭਾ ਅੰਮ੍ਰਿਤ ਤਾਕੀ ਬਾਨੀ । ਏਕ ਨਾਮ ਮਨ ਮਾਹਿ ਸਮਾਣੀ ।
ਦੂਖ ਰੋਗ ਬਿਨਸੈ ਭੈ ਭਰਮੁ । ਸਾਧ ਨਾਮ ਨਿਰਮਲ ਤਾ ਕੇ ਕਰਮ ।
ਸਭ ਤੇ ਊਚ ਤਾਕੀ ਸੋਭਾ ਬਨੀ । ਨਾਨਕ ਇਹ ਗੁਣ ਨਾਮੁ ਸੁਖਮਨੀ ॥ ੮ । ੨੪ ।

The contents of this manuscript are Jap Ji, Rairās, Sohilā, Chaupai, Anand Sāhib, Dakhani Onkār and Sūkhmani Sāhib.

S. No. 126

S.H.R. : 2263

Title : Pothi Gurbāni

Size : 15 × 11 C.M. *No. of Folios :* 104+146+12=262

Lines per Page : 9 *Letters per Line :* 17

Condition : Old, pages at places, worm-eaten, written in beautiful hand writing within marginal lines, headings given in red. Complete.

Beginning :–

੧ ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ।
ਆਦਿ ਸਚੁ ਜੁਗਾਦਿ ਸਚੁ । ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।

End :–

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦ ।
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤ ।
ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ।
ਜਿਹ ਸਿਮਰਤਿ ਸੰਕਟ ਮਿਟੈ ਦਰਸੁ ਤੁਹਾਰੋ ਹੋਇ । ੫੮ । ੧ । ੧੦੦ ।

The contents of this manuscript are :–

1.	Jap Ji	folios 1–15	(Gūrū Nānak)
2.	Hazāre Shabad	,, 15–20	(Selection from Adī Granth)
3.	Sohlai Marū Rāg	,, 20–23	(Selection from Adī Granth)
4.	Jāp Sāhib	,, 23–40	(Gūrū Gobind Singh)
5.	Sri Bhagauti Ji ka Chhand	,, 46–63	(Attributed to Gūrū Gobind Singh)
6.	Hazare Shabad	,, 40–46	(Gūrū Gobind Singh)
7.	Asā di Vār	,, 3–104	(Gūrū Nānak)
8.	Sūkhmani	,, 1–46	(Gūrū Arjan)
9.	Shlok Mahalā Nawan	,, 1– 2	(Gūrū Tegh Bahādur)

S. No. 127

S.H.R. : 2476

Title : Shabad Hazāre

Size : 14 × 9 C.M. *No. of Folios :* 11

Lines per Page : 7 *Letters per Line :* 13

Condition : Very old, worm-eaten throughout written in running hand without margin. Complete.

Beginning :–

੧ ਓ ॥ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ
ਅਕਾਲ ਮੂਰਤ ਅਜੂਨੀ ਸੈਭੰ ਗੁਰ ਪ੍ਰਸਾਦਿ ।
ਰਾਗ ਬਿਲਾਵਲ ਮ: ੧
ਤੂੰ ਸੁਲਤਾਨ ਕਹਾ ਹਉ ਮੀਆ ਤੇਰੀ ਕਵਨ ਵਡਾਈ ।
ਜੋ ਤੂੰ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣ ਨ ਜਾਈ ।

End :–

ਸੁਲਤਾਨੇ ਮੀਆ ਕਹਤ ਹੈਂ ਜੀਅ ਡਰਤ ਹੈ ਆਪਨਾ ॥
ਇਆਨੜੀਏ ਮਾਨੜਾ ਕਾਇ ਕਰੇਂ ਏ ਤਨ ਮਾਇਆ ਸੁਪਨਾ ॥
ਮਨ ਲੋਚੈ ਗੁਰ ਦਰਸ ਕੋ ਕਉਣ ਤਰਾਜੀ ਹੋਇ ॥
ਮਨ ਮੰਦਰ ਤਨ ਵੇਸ ਮੈ ਪੇਖ ਰਮਈਆ ਸੋਇ ॥ ੧ ॥

Shabad Hazāre is a collection of hymns from the Adi Granth. In this collection the last one is an apocryphal verse.

S. No. 128

S.H.R. : 1590 G

Title : Shabad te Shlok Mahalā Nawān

Author : Gurū Teg Bahādur

Size : 18 × 13 C.M.

No. of Folios : 23 (18–40) Part II

Lines per Page : 11

Letters per Line : 22

Beginning :–

੧ ੴ ਸਤਿਗੁਰ ਪ੍ਰਸਾਦਿ ॥
ਰਾਗ ਗਉੜੀ ਮਹਲਾ ੯ ॥
ਸਾਧੋ ਮਨ ਕਾ ਮਾਨ ਤਿਆਗਉ ॥
ਕਾਮ ਕ੍ਰੋਧੁ ਸੰਗਤ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥

End :–

ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ
ਕਿਉ ਨ ਹਰਿ ਕੋ ਨਾਮੁ ਲੇਹ ਮੂਰਖ ਨਿਲਾਜ ਰੇ ।
ਰਾਮ ਭਗਤਿ ਹੀਏ ਆਨਿ ਛਾਡ ਦੇਹ ਤੇ ਮਨ ਕੋ ਮਾਨ
ਨਾਨਕ ਜਨ ਇਹ ਬਖਾਨ ਜਗ ਮੈ ਬਿਰਾਜੁ ਰੇ । ੪ ॥ ੫੯ ॥

This contains the hymns and Shlokās of Gūrū Tegh Bahādur, the ninth Gūrū, as given in the Adi Granth.

S. No. 129

S.H.R. : 428

Title : Sarb Loh Parkāsh

Author : Sri Gūrū Gobind Singh Ji

Size : 36 × 32 C.M.

No. of Folios : 383 *Lines per Page :* 19 *Letters per Line :* 30

Condition : Good, written in beautiful hand writing within simple margin, headings given in red. Complete.

Beginning :–

੧ ੴ ਸਤਿਗੁਰ ਪ੍ਰਸਾਦਿ ॥ ਜਾਪ, ਸ੍ਰੀ ਮੁਖਵਾਕ ਪਾਤਸ਼ਾਹੀ ੧੦ ।
ਛਪੈ ਛੰਦ । ਤ੍ਵ ਪ੍ਰਸਾਦਿ ।
ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨੁਭਉ ਪ੍ਰਕਾਸ ... ...
ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ । ੧ ।

End :—

ਦੋਹਰਾ

ਨੇਹੁ ਲਖਯਾ ਰਾਕੌ ਮਿਲੈ ਸੰਗ ਸਰਾਚਯੈ ਲਾਖ।
ਸਵਾ ਲਾਖ ਹਾਥੀ ਮਿਲੈ ਦੇਹੁ ਯਹੈ ਅਭਿਲਾਖ॥੧।
ਖਾਸ ਸੁਵਾਰੀ ਮੌਚ ਲੈ ਨੇਜਾ ਲਾਖ ਨਿਸਾਨ।
ਵਾਹਗੁਰੂ ਕਾ ਖਾਲਸਾ ਜੀ ਤੈ ਸਤ੍ਰ ਚੌਗਾਨ।੨।
ਯਹ ਲਾਲਚ ਗੁਣ ਤ੍ਰ ਕਹਿਓ ਦਾਸ ਗੋਬਿੰਦ ਸਮਾਜ।
ਫਤਹ ਹੋਵੈ ਸਤਿਗੁਰੂ ਕੀ ਉਦੋ ਅਸੰਤ ਲੈ ਰਾਜ।੩॥

ਇਤ ਸ੍ਰੀ ਮੰਗਲਾ ਚਰਣ ਪੁਰਾਣੇ ਸਾਰਸੁਵਤੀ ਭਾਸੇ ਕਲਮਲ ਬਿਧਸੁਵਨੋ ਉਕਤ ਬਿਲਾਸ ਬਿਰਜ ਨਾਦ ਨਿਧਨੋ ਸੁਰਪਤੀ ਰਾਜ ਪ੍ਰਾਪਤੇ ਸ੍ਰੀ ਸੁਬ ਲੋਹ ਭ੍ਰਮਨ ਸਾਂਤ ਲੋਕ ਗਵਨੋ ਬਿਮਲ ਜਸ ਉਦੋ ਬਰਨਨੰ ਸ੍ਰੀ ਮੰਗਲਾ ਚਰਣ ਸੰਪੂਰਣੰ। ਨਾਮ ਪੰਚਮੋ ਅਧਿਆਯ ਸੁਭ ਮਸਤ॥

This anthology contains the following works :—

1. Jāp Sāhib — folios 1—5 (Gūrū Gobind Singh)
